# ਭਾਗੀਦਾਰ ਜਾਣਕਾਰੀ ਸ਼ੀਟ

ਐਂਟੀਪਲੇਟਲੇਟ ਸੈਕੰਡਰੀ ਪ੍ਰੀਵੈਂਸ਼ਨ ਇੰਟਰਨੈਸ਼ਨਲ ਰੈਂਡਮਾਈਜ਼ਡ ਸਟੱਡੀ ਆਫ਼ਟਰ ਇਨਟ੍ਰਾਸਰੇਬ੍ਰਲ ਹੈਮਰੇਜ।

ਸਥਾਨਕ ਖੋਜ ਟੀਮ ਦਾ NHS ਸੰਸਥਾਗਤ ਲੋਗੋ ਇੱਥੇ ਆਵੇਗਾ

## ਅਸੀਂ ਤੁਹਾਨੂੰ ASPIRING ਅਧਿਐਨ ਵਿੱਚ ਹਿੱਸਾ ਲੈਣ ਲਈ ਸੱਦਾ ਦੇ ਰਹੇ ਹਾਂ।

ਤੁਹਾਨੂੰ ASPIRING ਵੀਡੀਓ ਦੇਖਣ (www.ASPIRING.ed.ac.uk ਰਾਹੀਂ) ਅਤੇ ASPIRING ਫਾਸਟ ਫੈਕਟਸ ਪੜ੍ਹਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ।

ਵੀਡੀਓ ਅਤੇ ਫਾਸਟ ਫੈਕਟਸ ਵਿੱਚ, ਅਸੀਂ ਇਸ ਬਾਰੇ ਦੱਸਿਆ ਹੈ ਕਿ ਤੁਹਾਨੂੰ ਹਿੱਸਾ ਲੈਣ ਲਈ ਕਿਉਂ ਸੱਦਾ ਦਿੱਤਾ ਗਿਆ ਹੈ। ਅਸੀਂ ਤੁਹਾਨੂੰ ਬ੍ਰੇਨ ਹੈਮਰੇਜ ਅਤੇ ਇਸਦੇ ਜੋਖਮਾਂ ਬਾਰੇ ਜਾਣਕਾਰੀ ਦਿੱਤੀ। ਅਸੀਂ ਦੱਸਿਆ ਹੈ ਕਿ ਅਸੀਂ ਅਧਿਐਨ ਕਿਉਂ ਕਰ ਰਹੇ ਹਾਂ ਅਤੇ ਜੇ ਤੁਸੀਂ ਹਿੱਸਾ ਲੈਂਦੇ ਹੋ ਤਾਂ ਕੀ ਹੋਵੇਗਾ।

- ਇਸ ਪਰਚੇ ਦਾ ਉਦੇਸ਼ ਹਿੱਸਾ ਲੈਣ ਜਾਂ ਨਾ ਲੈਣ ਦਾ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨਾ ਹੈ।
- ਤੁਹਾਡੇ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਖੋਜ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਕੀ-ਕੀ ਸ਼ਾਮਲ ਹੋਵੇਗਾ।
- ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹਨ ਲਈ ਕੁਝ ਸਮਾਂ ਕੱਢੋ।
- ਤੁਸੀਂ ਇਸ ਅਧਿਐਨ ਬਾਰੇ ਦੂਜਿਆਂ ਨਾਲ ਵੀ ਗੱਲ ਕਰ ਸਕਦੇ ਹੋ।
- ਜੇ ਕੋਈ ਅਜਿਹੀ ਚੀਜ਼ ਹੈ, ਜੋ ਤੁਹਾਨੂੰ ਸਮਝ ਨਹੀਂ ਆਈ/ਆ ਰਹੀ ਹੈ ਜਾਂ ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
- ਤੁਸੀਂ ਵਿਅਕਤੀਗਤ ਤੌਰ 'ਤੇ ਆਹਮੋ-ਸਾਹਮਣੇ, ਕਿਸੇ ਪ੍ਰਵਾਨਿਤ ਵੀਡੀਓ ਕਾਨਫਰੰਸਿੰਗ ਸਿਸਟਮ ਰਾਹੀਂ, ਜਾਂ ਟੈਲੀਫੋਨ ਰਾਹੀਂ ਸਵਾਲ ਪੁੱਛ ਸਕਦੇ ਹੋ ਜਾਂ ਰਜ਼ਾਮੰਦੀ ਦੇ ਸਕਦੇ ਹੋ।
- ਕੀ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ, ਇਹ ਫੈਸਲਾ ਕਰਨ ਲਈ ਲੋੜੀਂਦਾ ਸਮਾਂ ਲਓ।

| ਇਸ ਪਰਚੇ ਦੀ ਵਿਸ਼ਾ-ਵਸਤੂ | ਪੰਨਾ |
|---|---|
| ਇਸ ਅਧਿਐਨ ਦਾ ਉਦੇਸ਼ ਕੀ ਹੈ? | 3 |
| ਮੈਨੂੰ ਹਿੱਸਾ ਲੈਣ ਲਈ ਕਿਉਂ ਸੱਦਾ ਦਿੱਤਾ ਗਿਆ ਹੈ? | 5 |
| ਕੀ ਮੇਰੇ ਲਈ ਹਿੱਸਾ ਲੈਣਾ ਜ਼ਰੂਰੀ ਹੈ? | 6 |
| ਜੇ ਮੈਂ ਹਿੱਸਾ ਲੈਂਦਾ/ਦੀ ਹਾਂ, ਤਾਂ ਕੀ ਹੋਵੇਗਾ? | 6 |
| ਕੀ ਮੈਨੂੰ ਕੁਝ ਖਾਸ ਕਰਨ ਜਾਂ ਕਿਸੇ ਚੀਜ਼ ਤੋਂ ਬਚਣ ਦੀ ਲੋੜ ਹੈ? | 11 |
| ਹਿੱਸਾ ਲੈਣ ਦੇ ਸੰਭਾਵੀ ਲਾਭ ਕੀ ਹਨ? | 11 |
| ਹਿੱਸਾ ਲੈਣ ਦੇ ਸੰਭਾਵੀ ਨੁਕਸਾਨ ਕੀ ਹਨ? | 11 |
| ਜੇ ਕੋਈ ਸਮੱਸਿਆ ਪੈਂਦਾ ਹੁੰਦੀ ਹੈ, ਤਾਂ ਕੀ ਹੋਵੇਗਾ? | 12 |
| ਜੇ ਮੈਂ ਅਧਿਐਨ ਜਾਰੀ ਨਾ ਰੱਖਣਾ ਚਾਹਾਂ, ਤਾਂ ਕੀ ਹੋਵੇਗਾ? | 12 |
| ਅਧਿਐਨ ਪੂਰਾ ਹੋ ਜਾਣ 'ਤੇ ਕੀ ਹੋਵੇਗਾ? | 12 |
| ਕੀ ਮੇਰੇ ਵਲੋਂ ਹਿੱਸਾ ਲੈਣ ਨੂੰ ਗੁਪਤ ਰੱਖਿਆ ਜਾਵੇਗਾ? | 13 |
| ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਾਂਗੇ? | 14 |
| ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਇਸ ਬਾਰੇ ਤੁਹਾਡੇ ਕੋਲ ਕੀ ਵਿਕਲਪ ਹਨ? | 17 |
| ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਤੁਸੀਂ ਇਸ ਬਾਰੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦੇ ਹੋ? | 18 |
| ਅਧਿਐਨ ਦੇ ਨਤੀਜਿਆਂ ਦਾ ਕੀ ਹੋਵੇਗਾ? | 18 |
| ਖੋਜ ਦਾ ਆਯੋਜਨ ਅਤੇ ਫੰਡਿੰਗ ਕੌਣ ਕਰ ਰਿਹਾ ਹੈ? | 19 |
| ਅਧਿਐਨ ਦੀ ਸਮੀਖਿਆ ਕਿਸ-ਕਿਸ ਨੇ ਕੀਤੀ ਹੈ? | 19 |
| ਵਧੇਰੇ ਜਾਣਕਾਰੀ ਲੈਣ ਲਈ, ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ? | 20 |

# ਇਸ ਅਧਿਐਨ ਦਾ ਉਦੇਸ਼ ਕੀ ਹੈ?

ਬ੍ਰੇਨ ਹੈਮਰੇਜ ਹੋਣ ਨਾਲ ਗਤਲੇ ਦੀਆਂ ਸਮੱਸਿਆਵਾਂ ਦਾ ਖ਼ਤਰਾ ਵੱਧ ਜਾਂਦਾ ਹੈ।

- ਦਿਮਾਗ ਵਿੱਚ ਖੂਨ ਵਹਿਣ ਕਾਰਨ ਸਟ੍ਰੋਕ, ਜਿਸਨੂੰ "ਬ੍ਰੇਨ ਹੈਮਰੇਜ" ਕਿਹਾ ਜਾਂਦਾ ਹੈ, ਨਾਲ ਹਰ ਸਾਲ ਦੁਨੀਆ ਵਿੱਚ 30 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੁੰਦੇ ਹਨ।
- ਕੁੱਲ ਮਿਲਾ ਕੇ, ਦੁਨੀਆ ਵਿੱਚ 20 ਮਿਲੀਅਨ ਤੋਂ ਵੱਧ ਲੋਕਾਂ ਨੇ ਬ੍ਰੇਨ ਹੈਮਰੇਜ ਨੂੰ ਮਾਤ ਦਿੱਤੀ। ਉਨ੍ਹਾਂ ਵਿੱਚੋਂ 86,000 UK ਵਿੱਚ ਰਹਿੰਦੇ ਹਨ।
- ਬ੍ਰੇਨ ਹੈਮਰੇਜ ਨੂੰ ਮਾਤ ਦੇਣ ਵਾਲੇ ਲੋਕਾਂ ਨੂੰ ਬ੍ਰੇਨ ਹੈਮਰੇਜ ਦੀ ਸ਼ਿਕਾਇਤ ਨਾ ਹੋਣ ਵਾਲੇ ਉਸੇ ਉਮਰ ਅਤੇ ਲਿੰਗ ਦੇ ਲੋਕਾਂ ਦੀ ਤੁਲਨਾ ਵਿੱਚ, ਖੂਨ ਦੇ ਗਤਲੇ ਜੰਮਣ ਕਾਰਨ ਦਿਲ ਦਾ ਦੌਰਾ ਜਾਂ ਸਟ੍ਰੋਕ ਹੋਣ ਦਾ ਖ਼ਤਰਾ ਦੁੱਗਣਾ ਹੁੰਦਾ ਹੈ।
- ਡਾਕਟਰ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਾਲੀਆਂ ਦਵਾਈਆਂ ਦੀ ਵਰਤੋਂ ਕਰਕੇ ਇਨ੍ਹਾਂ ਸਮੱਸਿਆਵਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ।
- ਬਲੱਡ ਪ੍ਰੈਸ਼ਰ ਨੂੰ ਘਟਾਉਣ ਵਾਲੀਆਂ ਦਵਾਈਆਂ ਲੈਣ ਦੇ ਬਾਵਜੂਦ, ਹਰ ਸਾਲ ਬ੍ਰੇਨ ਹੈਮਰੇਜ ਨੂੰ ਮਾਤ ਦੇਣ ਵਾਲੇ ਲੋਕਾਂ ਵਿੱਚੋਂ 10 ਵਿੱਚੋਂ 1 ਨੂੰ ਦਿਲ ਦਾ ਦੌਰਾ ਜਾਂ ਸਟ੍ਰੋਕ ਪ੍ਰਭਾਵਿਤ ਕਰਦਾ ਹੈ।

"ਸਭ ਤੋਂ ਵਧੀਆ ਮਿਆਰੀ ਡਾਕਟਰੀ ਦੇਖਭਾਲ ਦੇ ਬਾਵਜੂਦ, ਬ੍ਰੇਨ ਹੈਮਰੇਜ ਨੂੰ ਮਾਤ ਦੇਣ ਵਾਲਿਆਂ ਨੂੰ ਸਟ੍ਰੋਕ, ਦਿਲ ਦੇ ਦੌਰੇ, ਅਤੇ ਖੂਨ ਵਹਿਣ ਅਤੇ ਗਤਲੇ ਜੰਮਣ ਦੀਆਂ ਹੋਰ ਸਮੱਸਿਆਵਾਂ ਦਾ ਖ਼ਤਰਾ ਰਹਿੰਦਾ ਹੈ। ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਹਾਂ ਕੀ ਐਸਪਰੀਨ ਜਾਂ ਕਲੋਪੀਡੋਗਰੇਲ ਬ੍ਰੇਨ ਹੈਮਰੇਜ ਤੋਂ ਬਾਅਦ ਇਨ੍ਹਾਂ ਸਮੱਸਿਆਵਾਂ ਨੂੰ ਰੋਕ ਸਕਦੇ ਹਨ।"
**ਪ੍ਰੋਫੈਸਰ ਰੁਸਤਮ ਸਲਮਾਨ, ASPIRING ਦੇ ਮੁੱਖ ਜਾਂਚਕਰਤਾ**

# ਇਹ ਖੋਜ ਅਧਿਐਨ ਕਿਸ ਬਾਰੇ ਹੈ?



ਬੇਤਰਤੀਬ ਨਿਯੰਤਰਿਤ ਅਧਿਐਨ ਕਹੇ ਜਾਣ ਵਾਲੇ ਅਧਿਐਨ, ਇਲਾਜਾਂ ਦੇ ਸਭ ਤੋਂ ਨਿਰਪੱਖ ਟੈਸਟ ਹੁੰਦੇ ਹਨ।

- ਇਹਨਾਂ ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਦਿਲ ਦਾ ਦੌਰਾ ਪਿਆ ਹੈ ਜਾਂ ਸਟ੍ਰੋਕ ਹੋਇਆ ਹੈ, ਉਹਨਾਂ ਨੂੰ ਐਸਪਰੀਨ ਅਤੇ ਕਲੋਪੀਡੋਗਰੇਲ ਵਰਗੀਆਂ ਐਂਟੀਪਲੇਟਲੇਟ ਦਵਾਈਆਂ ਤੋਂ ਲਾਭ ਮਿਲਦਾ ਹੈ।
- ਇਹ ਦਵਾਈਆਂ ਖ਼ੂਨ ਨੂੰ ਪਤਲਾ ਕਰਦੀਆਂ ਹਨ ਅਤੇ ਖ਼ੂਨ ਦੇ ਗਤਲੇ ਜੰਮਣ ਦੀਆਂ ਸਮੱਸਿਆਵਾਂ ਨੂੰ ਰੋਕਦੀਆਂ ਹਨ, ਪਰ ਇਹ ਖ਼ੂਨ ਵਹਿਣ ਦੇ ਜੋਖਮ ਨੂੰ ਥੋੜ੍ਹਾ ਵਧਾ ਸਕਦੀਆਂ ਹਨ।
- ਕੁੱਲ ਮਿਲਾ ਕੇ, ਇਹ ਦਵਾਈਆਂ ਨੁਕਸਾਨ ਨਾਲੋਂ ਜ਼ਿਆਦਾ ਫਾਇਦਾ ਕਰਦੀਆਂ ਹਨ, ਇਸ ਲਈ ਖ਼ੂਨ ਦੇ ਗਤਲੇ ਜੰਮਣ ਨੂੰ ਰੋਕਣ ਲਈ ਇਹਨਾਂ ਦੀ ਵਰਤੋਂ ਮਿਆਰੀ ਡਾਕਟਰੀ ਅਭਿਆਸ ਵਿੱਚ ਕੀਤੀ ਜਾਂਦੀ ਹੈ।

ਬ੍ਰੇਨ ਹੈਮਰੇਜ ਤੋਂ ਬਾਅਦ ਹੋਣ ਵਾਲੇ ਬਹੁਤ ਸਾਰੇ ਸਟ੍ਰੋਕ ਅਤੇ ਦਿਲ ਦੇ ਦੌਰੇ ਖ਼ੂਨ ਦੇ ਗਤਲੇ ਜੰਮਣ ਕਾਰਨ ਹੁੰਦੇ ਹਨ, ਇਸ ਲਈ **ਐਸਪਰੀਨ** ਜਾਂ **ਕਲੋਪੀਡੋਗਰੇਲ** ਉਹਨਾਂ ਨੂੰ ਰੋਕਣ ਵਿੱਚ ਮਦਦ ਕਰ ਸਕਦੀਆਂ ਹਨ।
ਹਾਲਾਂਕਿ, ਡਾਕਟਰ ਇਸ ਗੱਲ 'ਤੇ ਯਕੀਨੀ ਨਹੀਂ ਹਨ ਕਿ ਐਸਪਰੀਨ ਜਾਂ ਕਲੋਪੀਡੋਗਰੇਲ ਦੀ ਵਰਤੋਂ ਉਹਨਾਂ ਲੋਕਾਂ ਲਈ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਬ੍ਰੇਨ ਹੈਮਰੇਜ ਹੋਇਆ ਹੈ।

- ਇਸ ਲਈ ਅਸੀਂ REstart ਜਾਂ STop Antithrombotics Randomised Trial ਨਾਮ ਦਾ ਇੱਕ ਅਧਿਐਨ ਕੀਤਾ, ਜਿਸਨੂੰ "RESTART" ਨਾਮ ਨਾਲ ਜਾਣਿਆ ਜਾਂਦਾ ਹੈ। RESTART ਇੱਕ ਬੇਤਰਤੀਬ ਅਧਿਐਨ ਸੀ ਜਿਸ ਵਿੱਚ UK ਦੇ ਬ੍ਰੇਨ ਹੈਮਰੇਜ ਨੂੰ ਮਾਤ ਦੇਣ ਵਾਲੇ 537 ਲੋਕ ਸ਼ਾਮਲ ਸਨ। ਹਿੱਸਾ ਲੈਣ ਵਾਲੇ ਲੋਕਾਂ ਨੂੰ ਅਜਿਹੀਆਂ ਬਿਮਾਰੀਆਂ ਸਨ ਜੋ ਗਤਲੇ ਬਣਨ ਕਰਕੇ ਖ਼ੂਨ ਦੇ ਪ੍ਰਵਾਹ ਨੂੰ ਰੋਕਦੀਆਂ ਸਨ।
- RESTART ਨੇ ਇਨ੍ਹਾਂ ਲੋਕਾਂ ਨੂੰ ਦੋ ਸਮੂਹਾਂ ਵਿੱਚ ਵੰਡਿਆ: ਅੱਧਿਆਂ ਨੂੰ ਐਸਪਰੀਨ ਜਾਂ ਕਲੋਪੀਡੋਗਰੇਲ ਲੈਣ ਲਈ ਕਿਹਾ ਗਿਆ ਸੀ ਅਤੇ ਅੱਧਿਆਂ ਨੂੰ ਐਂਟੀਪਲੇਟਲੇਟ ਦਵਾਈਆਂ ਤੋਂ ਦੂਰ ਰਹਿਣ ਲਈ।
- ਸਾਨੂੰ ਇਹ ਜਾਣ ਕੇ ਸੰਤੁਸ਼ਟੀ ਮਿਲੀ ਕਿ RESTART ਵਿੱਚ ਜਿਨ੍ਹਾਂ ਨੇ ਐਸਪਰੀਨ ਜਾਂ ਕਲੋਪੀਡੋਗਰੇਲ ਸ਼ੁਰੂ ਕੀਤੀ ਸੀ, ਉਨ੍ਹਾਂ ਨੂੰ ਐਂਟੀਪਲੇਟਲੇਟ ਦਵਾਈਆਂ ਤੋਂ ਦੂਰ ਰਹਿਣ ਵਾਲੇ ਕਈਆਂ ਨਾਲੋਂ ਦੂਜਾ ਬ੍ਰੇਨ ਹੈਮਰੇਜ ਘੱਟ ਵਾਰ ਹੋਇਆ ਸੀ। ਐਸਪਰੀਨ ਅਤੇ ਕਲੋਪੀਡੋਗਰੇਲ ਕਰਕੇ ਨਾੜੀਆਂ ਦੀਆਂ ਵੱਡੀਆਂ ਘਟਨਾਵਾਂ ਵਿੱਚ ਕਮੀ ਵੀ ਵੇਖਣ ਨੂੰ ਮਿਲੀ।
- ਤੁਸੀਂ RESTART ਬਾਰੇ ਵਧੇਰੇ ਜਾਣਨ ਲਈ www.RESTARTtrial.org 'ਤੇ ਜਾ ਸਕਦੇ ਹੋ.

- RESTART ਦੇ ਨਤੀਜੇ ਉਮੀਦ ਪੈਦਾ ਕਰਨ ਵਾਲੇ ਹਨ। ਪਰ ਇਹ ਪਤਾ ਲਗਾਉਣ ਲਈ ਇੱਕ ਵੱਡੇ ਬੇਤਰਤੀਬ ਨਿਯੰਤਰਿਤ ਅਧਿਐਨ ਦੀ ਲੋੜ ਹੈ ਕੀ ਮਿਆਰੀ ਦੇਖਭਾਲ ਵਿੱਚ ਐਸਪਰੀਨ ਜਾਂ ਕਲੋਪੀਡੋਗਰੇਲ ਨੂੰ ਸ਼ਾਮਲ ਕਰਨਾ ਸਵੀਕਾਰਯੋਗ ਤੌਰ 'ਤੇ ਸੁਰੱਖਿਅਤ ਹੈ ਜਾਂ ਨਹੀਂ ਅਤੇ ਸਿਰਫ਼ ਮਿਆਰੀ ਦੇਖਭਾਲ ਦੇ ਮੁਕਾਬਲੇ ਬ੍ਰੇਨ ਹੈਮਰੇਜ ਨੂੰ ਮਾਤ ਦੇਣ ਵਾਲਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਮਦਦ ਕਰਦਾ ਹੈ ਜਾਂ ਨਹੀਂ।

ਇਸ ਅਧਿਐਨ ਨੂੰ ASPIRING ਕਿਹਾ ਜਾਂਦਾ ਹੈ, ਜਿਸਦਾ ਮਤਲਬ ਹੈ, "ਐਂਟੀਪਲੇਟਲੇਟ ਸੈਕੰਡਰੀ ਪ੍ਰੀਵੈਂਸ਼ਨ ਇੰਟਰਨੈਸ਼ਨਲ ਰੈਂਡਮਾਈਜ਼ਡ ਸਟੱਡੀ ਆਫ਼ਟਰ ਇਨਟ੍ਰਾਸਰੇਬ੍ਰਲ ਹੈਮਰੇਜ"

- ASPIRING, ਬ੍ਰੇਨ ਹੈਮਰੇਜ ਤੋਂ ਬਾਅਦ ਐਸਪਰੀਨ ਅਤੇ ਕਲੋਪੀਡੋਗਰੇਲ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਭਰੋਸੇਮੰਦ ਅਧਿਐਨ ਹੋਵੇਗਾ। ਇਸ ਵਿੱਚ ਦੁਨੀਆ ਭਰ ਵਿੱਚ ਚਾਰ ਹਜ਼ਾਰ ਤੋਂ ਵੱਧ ਲੋਕ ਸ਼ਾਮਲ ਹੋਣਗੇ।
- ਇਸ ਅਧਿਐਨ ਦਾ ਉਦੇਸ਼ ਇਸ ਬਾਰੇ ਭਰੋਸੇਯੋਗ ਜਾਣਕਾਰੀ ਹਾਸਲ ਕਰਨਾ ਹੈ ਕੀ ਐਸਪਰੀਨ ਜਾਂ ਕਲੋਪੀਡੋਗਰੇਲ ਨਾਲ ਬ੍ਰੇਨ ਹੈਮਰੇਜ ਤੋਂ ਬਾਅਦ ਲੋਕਾਂ ਨੂੰ ਕੋਈ ਮਦਦ ਮਿਲਦੀ ਹੈ ਜਾਂ ਨਹੀਂ। ASPIRING ਦੇ ਨਤੀਜਿਆਂ ਨਾਲ, ਭਵਿੱਖ ਵਿੱਚ ਦੁਨੀਆ ਭਰ ਵਿੱਚ ਡਾਕਟਰਾਂ ਵੱਲੋਂ ਬ੍ਰੇਨ ਹੈਮਰੇਜ ਵਾਲੇ ਲੋਕਾਂ ਦਾ ਇਲਾਜ ਕਰਨ ਦੇ ਆਮ ਡਾਕਟਰੀ ਅਭਿਆਸ ਵਿੱਚ ਕਾਫੀ ਬਦਲਾਅ ਆ ਸਕਦਾ ਹੈ। ਜੇ ASPIRING ਤੋਂ ਪਤਾ ਲੱਗਦਾ ਹੈ ਕਿ ਐਸਪਰੀਨ ਜਾਂ ਕਲੋਪੀਡੋਗਰੇਲ ਵਾਕਈ ਕੰਮ ਕਰਦੇ ਹਨ, ਤਾਂ ਇਸ ਨਾਲ ਹਰ ਸਾਲ ਦੁਨੀਆ ਭਰ ਵਿੱਚ ਬ੍ਰੇਨ ਹੈਮਰੇਜ ਨੂੰ ਮਾਤ ਦੇਣ ਵਾਲੇ ਹਜ਼ਾਰਾਂ ਲੋਕਾਂ ਨੂੰ ਇੱਕ ਹੋਰ ਵੱਡੀ ਨਾੜੀ ਘਟਨਾ ਦਾ ਸਾਹਮਣਾ ਕਰਨ ਤੋਂ

## ਮੈਨੂੰ ਹਿੱਸਾ ਲੈਣ ਲਈ ਕਿਉਂ ਸੱਦਾ ਦਿੱਤਾ ਗਿਆ ਹੈ?

ਅਸੀਂ ਤੁਹਾਨੂੰ ਹਿੱਸਾ ਲੈਣ ਲਈ ਸੱਦਾ ਦੇ ਰਹੇ ਹਾਂ ਕਿਉਂਕਿ ਤੁਹਾਡੇ ਦਿਮਾਗ ਵਿੱਚ ਖ਼ੂਨ ਵਹਿਣ ਕਾਰਨ ਤੁਹਾਨੂੰ ਸਟ੍ਰੋਕ ਹੋਇਆ ਅਤੇ ਤੁਸੀਂ ਇਸ ਸਮੇਂ ਖ਼ੂਨ ਨੂੰ ਪਤਲਾ ਕਰਦੀ ਕੋਈ ਵੀ ਦਵਾਈ ਨਹੀਂ ਲੈ ਰਹੇ ਹੋ।

# ਕੀ ਮੇਰੇ ਲਈ ਹਿੱਸਾ ਲੈਣਾ ਜ਼ਰੂਰੀ ਹੈ?

- ਨਹੀਂ, ਹਿੱਸਾ ਲੈਣ ਜਾਂ ਨਾ ਲੈਣ ਦਾ ਫੈਸਲਾ ਤੁਹਾਡਾ ਆਪਣਾ ਹੋਵੇਗਾ।
- ਜੇ ਤੁਸੀਂ ਹਿੱਸਾ ਲੈਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਇਹ ਜਾਣਕਾਰੀ ਸ਼ੀਟ ਆਪਣੇ ਕੋਲ ਰੱਖਣ ਲਈ ਦਿੱਤੀ ਜਾਵੇਗੀ ਅਤੇ ਤੁਹਾਨੂੰ ਇੱਕ ਰਜ਼ਾਮੰਦੀ ਫਾਰਮ 'ਤੇ ਦਸਤਖਤ ਕਰਨ ਲਈ ਕਿਹਾ ਜਾਵੇਗਾ।
- ਤੁਸੀਂ ਆਪਣੀ ਸਹੂਕਤ ਲਈ ਬਾਅਦ ਵਿੱਚ ਟੈਲੀਫੋਨ ਜਾਂ ਵੀਡੀਓ ਕਾਲ ਰਾਹੀਂ ਆਪਣੀ ਰਜ਼ਾਮੰਦੀ ਦੇ ਸਕਦੇ ਹੋ।
- ਜੇ ਤੁਸੀਂ ਹਿੱਸਾ ਲੈਣ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਅਤੇ ਬਿਨਾਂ ਕੋਈ ਕਾਰਨ ਦੱਸੇ ਬਾਹਰ ਹੋਣ ਲਈ ਸੁਤੰਤਰ ਹੋ।
- ਤੁਹਾਡੇ ਵੱਲੋਂ ਹਿੱਸਾ ਨਾ ਲੈਣ ਜਾਂ ਅਧਿਐਨ ਤੋਂ ਬਾਹਰ ਹੋਣ ਦਾ ਫੈਸਲਾ ਕਰਨ ਦਾ ਤੁਹਾਨੂੰ ਦਿੱਤੀ ਜਾਣ ਵਾਲੀ ਸਿਹਤ-ਦੇਖਭਾਲ ਜਾਂ ਤੁਹਾਡੇ ਕਾਨੂੰਨੀ ਅਧਿਕਾਰਾਂ 'ਤੇ ਕੋਈ ਅਸਰ ਨਹੀਂ ਪਵੇਗਾ।

# ਜੇ ਮੈਂ ਹਿੱਸਾ ਲੈਂਦਾ/ਦੀ ਹਾਂ, ਤਾਂ ਕੀ ਹੋਵੇਗਾ?

## ਜਾਣਕਾਰੀ ਅਤੇ ਰਜ਼ਾਮੰਦੀ

ਤੁਹਾਡੇ ਹਸਪਤਾਲ ਦੀ ਅਧਿਐਨ ਟੀਮ ਵਿੱਚੋਂ ਕੋਈ ਇੱਕ ਤੁਹਾਡੇ ਨਾਲ ਇਸ ਜਾਣਕਾਰੀ ਸ਼ੀਟ ਨੂੰ ਪੜ੍ਹੇਗਾ ਅਤੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਵੇਗਾ। ਇਸ ਵਿੱਚ ਲਗਭਗ 15 ਮਿੰਟ ਲੱਗਣਗੇ।

ਜੇ ਤੁਸੀਂ ਚਾਹੋ, ਤਾਂ ਤੁਸੀਂ ਇਸ ਖੋਜ ਅਧਿਐਨ ਬਾਰੇ ਆਪਣੇ ਜਾਣਕਾਰ ਲੋਕਾਂ, ਜਿਵੇਂ ਕਿ ਤੁਹਾਡੇ ਰਿਸ਼ਤੇਦਾਰ ਜਾਂ ਦੇਖਭਾਲਕਰਤਾ ਨਾਲ ਗੱਲ ਕਰ ਸਕਦੇ ਹੋ ਅਤੇ ਫੈਸਲਾ ਲੈਣ ਲਈ ਲੋੜੀਂਦਾ ਸਮਾਂ ਲੈ ਸਕਦੇ ਹੋ।

ਜੇ ਤੁਸੀਂ ਹਿੱਸਾ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਅਸੀਂ ਤੁਹਾਨੂੰ ਇੱਕ ਰਜ਼ਾਮੰਦੀ ਫਾਰਮ 'ਤੇ ਦਸਤਖਤ ਕਰਨ ਲਈ ਕਹਾਂਗੇ। ਅਸੀਂ ਜਾਂ ਤਾਂ ਵਿਅਕਤੀਗਤ ਤੌਰ 'ਤੇ ਤੁਹਾਨੂੰ ਦਸਤਖਤ ਕੀਤੇ ਰਜ਼ਾਮੰਦੀ ਫਾਰਮ ਦੀ ਇੱਕ ਕਾਪੀ ਅਤੇ ਇਹ ਭਾਗੀਦਾਰ ਜਾਣਕਾਰੀ ਸ਼ੀਟ ਦੇਵਾਂਗੇ ਜਾਂ ਤੁਹਾਨੂੰ ਈਮੇਲ ਰਾਹੀਂ ਭੇਜਾਂਗੇ।

ਤੁਸੀਂ ਹਿੱਸਾ ਲੈਣ ਬਾਰੇ ਜੋ ਵੀ ਫੈਸਲਾ ਲਵੋ, ਤੁਹਾਨੂੰ ਅਧਿਐਨ ਦਵਾਈ ਤੋਂ ਇਲਾਵਾ ਉਹੀ ਮਿਆਰੀ ਡਾਕਟਰੀ ਦੇਖਭਾਲ ਮਿਲੇਗੀ ਬਸ਼ਰਤੇ ਤੁਹਾਨੂੰ ਇਸ ਲਈ ਨਿਰਧਾਰਤ ਕੀਤਾ ਜਾਵੇ।

## ਤੁਹਾਡੇ ਅਤੇ ਤੁਹਾਡੇ ਡਾਕਟਰੀ ਇਤਿਹਾਸ ਬਾਰੇ ਜਾਣਕਾਰੀ ਇਕੱਠਾ ਕਰਨਾ

ਅਧਿਐਨ ਟੀਮ ਵਿੱਚੋਂ ਕੋਈ ਇੱਕ ਤੁਹਾਨੂੰ ਤੁਹਾਡੀ ਸਿਹਤ ਬਾਰੇ ਕੁਝ ਆਮ ਸਵਾਲ ਪੁੱਛੇਗਾ, ਤੁਹਾਡੇ ਮੈਡੀਕਲ ਰਿਕਾਰਡਾਂ ਤੋਂ ਕੁਝ ਜਾਣਕਾਰੀ ਲਵੇਗਾ ਅਤੇ ਤੁਹਾਡੇ ਦਿਮਾਗ ਦੇ ਸਕੈਨ ਦੀ ਇੱਕ ਕਾਪੀ ਐਡਿਨਬਰਗ ਯੂਨੀਵਰਸਿਟੀ ਨੂੰ ਭੇਜੇਗਾ, ਤਾਂ ਜੋ ਉਹ ਇਹ ਅਧਿਐਨ ਕੀਤਾ ਜਾ ਸਕੇ ਕੀ ਲੋਕ [illegible]

ਉਹ ਤੁਹਾਡੇ ਅਤੇ ਤੁਹਾਡੇ ਨਜ਼ਦੀਕੀ ਵਿਅਕਤੀਆਂ ਦੇ ਸੰਪਰਕ ਵੇਰਵੇ ਰਿਕਾਰਡ ਕਰਨਗੇ ਜਿਨ੍ਹਾਂ ਨੇ ਤੁਹਾਡੇ ਬਾਰੇ ਜਾਣਕਾਰੀ ਦੇਣ ਲਈ ਸਹਿਮਤੀ ਦਿੱਤੀ ਹੈ; ਨਵੀਂ ਸੁਰੱਖਿਆ ਜਾਣਕਾਰੀ ਉਪਲਬਧ ਹੋਣ ਜਾਂ ਅਧਿਐਨ ਬੰਦ ਹੋਣ ਦੀ ਸਥਿਤੀ ਵਿੱਚ ਅਸੀਂ ਇਹਨਾਂ ਦੀ ਵਰਤੋਂ ਕਰ ਸਕਦੇ ਹਾਂ।

GP ਨਾਲ ਰਜਿਸਟਰਡ ਹਰੇਕ ਵਿਅਕਤੀ ਦਾ ਆਪਣਾ ਵਿਲੱਖਣ ਨੰਬਰ ਹੁੰਦਾ ਹੈ। ਇਸ ਨੂੰ ਸਕਾਟਲੈਂਡ ਵਿੱਚ CHI ਨੰਬਰ ਅਤੇ ਬਾਕੀ UK ਵਿੱਚ NHS ਨੰਬਰ ਵਜੋਂ ਜਾਣਿਆ ਜਾਂਦਾ ਹੈ। ਅਸੀਂ ਤੁਹਾਡਾ CHI/NHS ਨੰਬਰ ਲਵਾਂਗੇ, ਕਿਉਂਕਿ ਇਹ ਸਾਨੂੰ ਫਾਲੋ-ਅੱਪ ਲਈ ਤੁਹਾਡੀ ਸਹੀ ਪਛਾਣ [illegible]

## ਇਲਾਜ ਲਈ ਬੇਤਰਤੀਬੀਕਰਨ

ਬੇਤਰਤੀਬ ਅਧਿਐਨ, ਇਲਾਜ ਦੇ ਸਭ ਤੋਂ ਨਿਰਪੱਖ ਟੈਸਟ ਹੁੰਦੇ ਹਨ, ਕਿਉਂਕਿ ਹਰੇਕ ਮਰੀਜ਼ ਨੂੰ ਇੱਕ ਸਮੂਹ ਵਿੱਚ ਬੇਤਰਤੀਬ ਭੇਜਣ ਦੀ ਪ੍ਰਕਿਰਿਆ ਸਮੂਹਾਂ ਨੂੰ ਬਹੁਤ ਸਮਾਨ ਬਣਾਉਂਦੀ ਹੈ, ਜਿਸ ਨਾਲ ਇਹ ਦੇਖਣਾ ਸੌਖਾ ਹੋ ਜਾਂਦਾ ਹੈ ਕਿ ਕਿਹੜਾ ਬਿਹਤਰ ਹੈ। ਕਿਸੇ ਵੀ ਸਮੂਹ ਵਿੱਚ ਭੇਜੇ ਜਾਣ ਦੀ ਸੰਭਾਵਨਾ ਬਰਾਬਰ ਹੈ, ਜਾਂ 50% ਹੈ, ਜਿਸਨੂੰ "50:50" ਵੀ ਕਿਹਾ ਜਾਂਦਾ ਹੈ, ਭਾਵ:

ਤੁਹਾਨੂੰ ਐਸਪਰੀਨ ਜਾਂ ਕਲੋਪੀਡੋਗਰੇਲ ਸ਼ੁਰੂ ਕਰਨ ਲਈ ਨਿਰਧਾਰਤ ਕੀਤੇ ਜਾਣ ਦੀ ਸੰਭਾਵਨਾ ਉਨੀ ਹੀ ਹੈ
ਜਿੰਨੀ ਤੁਹਾਨੂੰ ਐਂਟੀਪਲੇਟਲੇਟ ਦਵਾਈਆਂ ਨਾ ਲੈਣ ਲਈ ਨਿਰਧਾਰਤ ਕੀਤੇ ਜਾਣ ਦੀ।

- ਕਿਸ ਨੂੰ ਕਿਹੜਾ ਇਲਾਜ ਮਿਲਦਾ ਹੈ, ਇਸ ਦਾ ਫੈਸਲਾ ਅਸੀਂ ਨਹੀਂ ਕਰਦੇ ਹਾਂ।
- ਦੋਵਾਂ ਸਮੂਹਾਂ ਵਿੱਚ ਇੱਕੋ-ਇੱਕ ਚੀਜ਼ ਜੋ ਵੱਖਰੀ ਹੁੰਦੀ ਹੈ ਉਹ ਹੈ ਇਲਾਜ, ਜਿਸਦਾ ਅਧਿਐਨ ਕੀਤਾ ਜਾ ਰਿਹਾ ਹੈ।
- ਤੁਹਾਨੂੰ ਮਿਆਰੀ ਦੇਖਭਾਲ ਮਿਲੇਗੀ ਭਾਵੇਂ ਤੁਸੀਂ ਕਿਸੇ ਵੀ ਸਮੂਹ ਵਿੱਚ ਹੋਵੋਂ।
- ASPIRING ਵਿੱਚ, ਤੁਹਾਡੀ ਅਧਿਐਨ ਟੀਮ ਤੁਹਾਡੇ ਬਾਰੇ ਕੁਝ ਜਾਣਕਾਰੀ ਗੁਪਤ ਰੂਪ ਵਿੱਚ ਐਡਿਨਬਰਗ ਵਿੱਚ ASPIRING ਤਾਲਮੇਲ ਕੇਂਦਰ ਨੂੰ ਭੇਜਦੀ ਹੈ; ਇਸਦਾ ਵਰਣਨ ਹੇਠਾਂ ਦਿੱਤੇ ਸੈਕਸ਼ਨ "ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਾਂਗੇ?" ਵਿੱਚ ਕੀਤਾ ਗਿਆ ਹੈ
- ਫਿਰ ਅੱਗੇ, ਕੰਪਿਊਟਰ ਸਿਸਟਮ ਦੀ ਮਦਦ ਨਾਲ ਤੁਹਾਨੂੰ ਬੇਤਰਤੀਬੇ ਤੌਰ 'ਤੇ ਐਸਪਰੀਨ ਜਾਂ ਕਲੋਪੀਡੋਗਰੇਲ ਸ਼ੁਰੂ ਕਰਨ, ਜਾਂ ਐਂਟੀਪਲੇਟਲੇਟ ਦਵਾਈਆਂ ਸ਼ੁਰੂ ਨਾ ਕਰਨ ਲਈ ਨਿਰਧਾਰਤ ਕੀਤਾ ਜਾਵੇਗਾ।
- ਤੁਹਾਨੂੰ ਪਤਾ ਚੱਲ ਜਾਵੇਗਾ ਕਿ ਤੁਹਾਨੂੰ ਕਿਹੜਾ ਇਲਾਜ ਦਿੱਤਾ ਜਾ ਰਿਹਾ ਹੈ।
- ਜੇ ਤੁਹਾਨੂੰ ਐਸਪਰੀਨ ਜਾਂ ਕਲੋਪੀਡੋਗਰੇਲ ਸ਼ੁਰੂ ਕਰਨ ਲਈ ਨਿਰਧਾਰਤ ਕੀਤਾ ਗਿਆ ਹੈ, ਤਾਂ ਤੁਹਾਨੂੰ ਤੁਹਾਡੇ ਹਸਪਤਾਲ ਦੇ ਸਲਾਹਕਾਰ/ਡਾਕਟਰ ਵੱਲੋਂ ਇੱਕ ਦਵਾਈ ਨਿਰਧਾਰਤ ਕੀਤੀ ਜਾਵੇਗੀ, ਜੋ ਤੁਹਾਨੂੰ ਇੱਕ ਦਿਨ ਦੇ ਅੰਦਰ ਲੈਣੀ ਸ਼ੁਰੂ ਕਰਨੀ ਹੋਵੇਗੀ, ਰੋਜ਼ਾਨਾ ਇੱਕ ਗੋਲੀ ਮੂੰਹ ਰਾਹੀਂ।
- ਉਹ ਤੁਹਾਡੇ ਜਨਰਲ ਪ੍ਰੈਕਟੀਸ਼ਨਰ (GP) ਅਤੇ ਤੁਹਾਡੀ ਦੇਖਭਾਲ ਕਰਨ ਵਾਲੇ ਹੋਰ ਡਾਕਟਰਾਂ ਨੂੰ ਤੁਹਾਡੇ ਵੱਲੋਂ ਹਿੱਸਾ ਲਏ ਜਾਣ ਬਾਰੇ ਸੂਚਿਤ ਕਰਨਗੇ, ਤਾਂ ਜੋ ਉਹ ਅਧਿਐਨ ਸਮਾਪਤੀ ਤੱਕ ਅਧਿਐਨ ਵੱਲੋਂ ਤੁਹਾਡੇ ਲਈ ਨਿਰਧਾਰਤ ਇਲਾਜ ਨੂੰ ਜਾਰੀ ਰੱਖ ਸਕਣ।

## ਇਲਾਜ ਦੀ ਪਾਲਣਾ

ਇਹ ਮਹੱਤਵਪੂਰਨ ਹੈ ਕਿ ਤੁਸੀਂ ਤੁਹਾਨੂੰ ਨਿਰਧਾਰਤ ਇਲਾਜ ਸਮੂਹ ਨਾਲ ਜੁੜੇ ਰਹੋ, ਤਾਂ ਜੋ ਅਧਿਐਨ ਦੇ ਨਤੀਜੇ ਭਰੋਸੇਯੋਗ ਹੋਣ। ਹਾਲਾਂਕਿ, ਤੁਹਾਡੇ ਡਾਕਟਰ ਨਾਲ ਚਰਚਾ ਤੋਂ ਬਾਅਦ ਇਸ ਵਿੱਚ ਬਦਲਾਅ ਕੀਤਾ ਜਾ ਸਕਦਾ ਹੈ, ਬਸ਼ਰਤੇ ਤੁਹਾਨੂੰ ਕੋਈ ਮਾੜਾ ਅਸਰ ਮਹਿਸੂਸ ਹੁੰਦਾ ਹੋਵੇ ਜਾਂ ਤੁਹਾਡੇ ਡਾਕਟਰ ਵੱਲੋਂ ਕਿਸੇ ਨਵੀਂ ਸਿਹਤ ਸਮੱਸਿਆ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਮੁਤਾਬਕ ਖ਼ੂਨ ਪਤਲਾ ਕਰਨ ਦੀ ਦਵਾਈ ਸ਼ੁਰੂ ਕਰਨੀ ਜਾਂ ਬੰਦ ਕਰਨੀ ਪੈ ਸਕਦੀ ਹੈ।

## ਇਹ ਦੇਖਣਾ ਕਿ ਭਵਿੱਖ ਵਿੱਚ ਤੁਹਾਡੀ ਸਥਿਤੀ ਕਿਵੇਂ ਦੀ ਰਹਿੰਦੀ ਹੈ

- ਅਧਿਐਨ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੀ ਸਥਿਤੀ ਕਿਵੇਂ ਦੀ ਬਣੀ ਰਹਿੰਦੀ ਹੈ, ਤਾਂ ਜੋ ਇਹ ਪਤਾ ਲੱਗ ਸਕੇ ਕਿ ਕਿਹੜਾ ਇਲਾਜ ਸਮੂਹ ਸਭ ਤੋਂ ਵਧੀਆ ਹੈ। ਤੁਹਾਨੂੰ ਦੁਬਾਰਾ ਹਸਪਤਾਲ ਨਹੀਂ ਆਉਣਾ ਪਵੇਗਾ।
- ਹਸਪਤਾਲ ਵਿੱਚੋਂ ਛੁੱਟੀ ਮਿਲਣ 'ਤੇ ਜਾਂ ਮੁੜ-ਵਸੇਬਾ ਯੂਨਿਟ ਵਿੱਚ ਜਾਣ 'ਤੇ ਤੁਹਾਡੇ ਹਸਪਤਾਲ ਦੇ ਡਾਕਟਰ ਤੁਹਾਡੀ ਸਿਹਤ ਅਤੇ ਤੁਸੀਂ ਕਿੱਥੇ ਜਾ ਰਹੇ ਹੋ, ਬਾਰੇ ASPIRING ਤਾਲਮੇਲ ਕੇਂਦਰ ਨੂੰ ਜਾਣਕਾਰੀ ਭੇਜਣਗੇ।
- ASPIRING ਹਸਪਤਾਲ ਵਿੱਚ ਦਾਖਲੇ, ਨਿਰਧਾਰਤ ਦਵਾਈਆਂ, ਦਵਾਈਆਂ ਦੀ ਵੰਡ, ਮੌਤ ਦੇ ਰਿਕਾਰਡ ਅਤੇ NHS ਸੰਸਥਾਵਾਂ ਜਿਵੇਂ ਕਿ NHS ਇੰਗਲੈਂਡ ਵੱਲੋਂ ਰੱਖੇ ਗਏ ਹੋਰ ਡੇਟਾ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਤੁਹਾਡੀ ਪ੍ਰੋਗਰੈਸ 'ਤੇ ਨਜ਼ਰ ਬਣਾਈ ਰੱਖੇਗਾ, ਜਿਸ ਨਾਲ ਸਾਨੂੰ ਇਹ ਜਾਣਨ ਵਿੱਚ ਮਦਦ ਮਿਲੇਗੀ ਕਿ ਐਂਟੀਪਲੇਟਲੇਟ ਦਵਾਈ ਸ਼ੁਰੂ ਕਰਨਾ ਬਿਹਤਰ ਰਹੇਗਾ ਜਾਂ ਨਾ ਲੈਣਾ।
- ASPIRING ਟੀਮ ਤੁਹਾਡੇ ਵੇਰਵੇ (ਜਨਮ-ਮਿਤੀ, ਪੋਸਟਕੋਡ, ਹਸਪਤਾਲ ਨੰਬਰ, ਅਤੇ NHS / CHI ਨੰਬਰ) ਨਿਯਮਿਤ ਤੌਰ 'ਤੇ NHS ਇੰਗਲੈਂਡ ਅਤੇ ਸਕਾਟਲੈਂਡ ਅਤੇ ਵੇਲਜ਼ ਵਿੱਚ ਹੋਰ NHS ਸੰਸਥਾਵਾਂ ਨੂੰ ਭੇਜੇਗੀ, ਜੋ ਇਸ ਜਾਣਕਾਰੀ ਨੂੰ ਤੁਹਾਡੇ ਸਿਹਤ ਰਿਕਾਰਡਾਂ ਨਾਲ ਜੋੜਨਗੇ ਅਤੇ ਇਸਨੂੰ ਸਾਨੂੰ ਵਾਪਸ ਭੇਜਣਗੇ, ਤਾਂ ਜੋ ਸਾਨੂੰ ਪਤਾ ਚੱਲ ਸਕੇ ਕਿ ਅਧਿਐਨ ਵਿੱਚ ਹਰ ਵਿਅਕਤੀ ਦੀ ਸਥਿਤੀ ਕਿਵੇਂ ਦੀ ਹੈ।
- **ਇਸ ਲਈ, ਅਸੀਂ ਤੁਹਾਨੂੰ ਨਿਯਮਤ ਫਾਲੋ-ਅੱਪ ਮੁਲਾਕਾਤਾਂ ਲਈ ਹਸਪਤਾਲ ਆਉਣ ਲਈ ਨਹੀਂ ਕਹਾਂਗੇ।**
- ਅਸੀਂ ਅਧਿਐਨ ਸਮਾਪਤੀ ਤੱਕ ਅਧਿਐਨ ਵਿੱਚ ਹਰੇਕ ਵਿਅਕਤੀ ਦੀ ਇੱਕ ਤੋਂ ਪੰਜ ਸਾਲਾਂ ਤੱਕ ਨਿਗਰਾਨੀ ਰੱਖਾਂਗੇ। ਅਸੀਂ ਅਧਿਐਨ ਸਮਾਪਟੀ ਤੋਂ ਬਾਅਦ 5 ਸਾਲਾਂ ਲਈ ਐਡਿਨਬਰਗ ਯੂਨੀਵਰਸਿਟੀ ਵਿੱਚ ਇਸ ਜਾਣਕਾਰੀ ਨੂੰ ਸੁਰੱਖਿਅਤ ਅਤੇ ਗੁਪਤ ਰੂਪ ਵਿੱਚ ਸਟੋਰ ਕਰਾਂਗੇ।

## ਹੋਰ ਦਵਾਈਆਂ ਦੇ ਅਧਿਐਨ

ਜੇ ਤੁਸੀਂ ASPIRING ਵਿੱਚ ਦਾਖਲਾ ਲੈਂਦੇ ਹੋ, ਤਾਂ ਤੁਸੀਂ ਹੋਰ ਦਵਾਈਆਂ ਦੇ ਹੋਰ ਬੇਤਰਤੀਬ ਨਿਯੰਤਰਿਤ ਅਧਿਐਨਾਂ ਵਿੱਚ ਦਾਖਲਾ ਲੈ ਸਕਦੇ ਹੋ, ਬਸ਼ਰਤੇ ਦੋਵੇਂ ਅਧਿਐਨ ਇਸ ਗੱਲ ਨਾਲ ਸਹਿਮਤ ਹੋਣ ਕਿ ਤੁਸੀਂ ਇੱਕੋ ਸਮੇਂ ਉਹਨਾਂ ਵਿੱਚ ਹਿੱਸਾ ਲੈ ਸਕਦੇ ਹੋ।

## ਮੇਰੇ ਵੱਲੋਂ ਲਈਆਂ ਜਾਂਦੀਆਂ ਆਮ ਦਵਾਈਆਂ ਦਾ ਕੀ ਹੋਵੇਗਾ?



ਜੇ ASPIRING ਤੁਹਾਨੂੰ ਐਸਪਰੀਨ ਜਾਂ ਕਲੋਪੀਡੋਗਰੇਲ ਲੈਣ ਵਾਲੇ ਸਮੂਹ ਵਿੱਚ ਨਿਰਧਾਰਤ ਕਰਦਾ ਹੈ, ਤਾਂ ਤੁਹਾਡਾ ਡਾਕਟਰ ਇਸ ਗੱਲ ਦਾ ਫੈਸਲਾ ਕਰੇਗਾ ਕਿ ਤੁਹਾਡੀ ਕਿਸੇ ਵੀ ਦਵਾਈ ਨੂੰ ਬਦਲਣ ਦੀ ਲੋੜ ਹੈ ਜਾਂ ਨਹੀਂ। ਜੇ ਨਹੀਂ, ਤਾਂ ਤੁਸੀਂ ਆਪਣੀਆਂ ਆਮ ਦਵਾਈਆਂ ਲੈਣਾ ਜਾਰੀ ਰੱਖ ਸਕਦੇ ਹੋ।

## ਗਰਭਾਵਸਥਾ

- ਜੇ ਤੁਸੀਂ ਬੱਚੇ ਪੈਦਾ ਕਰਨ ਦੀ ਸਮਰੱਥਾ ਵਾਲੀ ਔਰਤ ਹੋ, ਤਾਂ ਇਸ ਅਧਿਐਨ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਤੁਹਾਡਾ ਗਰਭਾਵਸਥਾ ਟੈਸਟ ਨਤੀਜਾ ਨਕਾਰਾਤਮਕ ਹੋਣਾ ਚਾਹੀਦਾ ਹੈ।
- ਜੇ ਤੁਸੀਂ ਗਰਭਵਤੀ ਨਹੀਂ ਹੋ, ਜਾਂ ਤੁਸੀਂ ਦੁੱਧ ਚੁੰਘਾ ਰਹੇ ਹੋ, ਤਾਂ ਤੁਹਾਨੂੰ ਇਹਨਾਂ ਬਹੁਤ ਅਸਰਦਾਰ ਜਨਮ ਨਿਯੰਤਰਣ ਤਰੀਕਿਆਂ ਵਿੱਚੋਂ ਘੱਟੋ-ਘੱਟ ਇੱਕ ਦੀ ਵਰਤੋਂ ਕਰਨੀ ਚਾਹੀਦੀ ਹੈ: ਸੰਯੁਕਤ (ਐਸਟ੍ਰੋਜਨ ਅਤੇ ਪ੍ਰੋਜੈਸਟੋਜਨ ਵਾਲਾ) ਹਾਰਮੋਨਲ ਗਰਭ-ਨਿਰੋਧ ਜੋ ਓਵੂਲੇਸ਼ਨ ਨੂੰ ਰੋਕਦਾ ਹੈ, ਪ੍ਰੋਜੈਸਟੋਜਨ-ਸਿਰਫ਼ ਹਾਰਮੋਨਲ ਗਰਭ-ਨਿਰੋਧ ਜੋ ਓਵੂਲੇਸ਼ਨ ਨੂੰ ਰੋਕਦਾ ਹੈ, ਇੰਟਰਾਯੂਟਰਾਈਨ ਡਿਵਾਈਸ, ਇੰਟਰਾਯੂਟਰਾਈਨ ਹਾਰਮੋਨ-ਰਿਲੀਜ਼ਿੰਗ ਸਿਸਟਮ, ਦੋਵੇਂ ਫੈਲੋਪੀਅਨ ਟਿਊਬਾਂ ਦਾ ਬੰਦ ਹੋਣਾ, ਪੁਰਸ਼ ਸਾਥੀ ਜਿਸਦੀ ਨਸਬੰਦੀ ਹੋਈ ਹੈ, ਜਾਂ [illegible]

## ਨਵੀਂ ਸੰਬੰਧਿਤ ਜਾਣਕਾਰੀ ਉਪਲਬਧ ਹੋਣ 'ਤੇ ਕੀ ਹੋਵੇਗਾ?

ਜੇ ਨਵੀਂ ਸੰਬੰਧਿਤ ਜਾਣਕਾਰੀ ਉਪਲਬਧ ਹੋ ਜਾਂਦੀ ਹੈ ਜੋ ਇਸ ਗੱਲ ਨੂੰ ਪ੍ਰਭਾਵਤ ਕਰ ਸਕਦੀ ਹੈ ਕਿ ਤੁਹਾਨੂੰ ਅਧਿਐਨ ਵਿੱਚ ਹਿੱਸਾ ਲੈਣਾ ਜਾਰੀ ਰੱਖਣਾ ਚਾਹੀਦਾ ਹੈ ਜਾਂ ਨਹੀਂ, ਤਾਂ ਅਸੀਂ ਤੁਹਾਡੇ ਨਾਲ ਈਮੇਲ ਜਾਂ ਡਾਕ ਰਾਹੀਂ ਸੰਪਰਕ ਕਰਾਂਗੇ।

## ਕੀ ਮੈਂ ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਭੁਗਤਾਨ ਕੀਤਾ ਜਾਵੇਗਾ?

ਤੁਹਾਨੂੰ ਹਿੱਸਾ ਲੈਣ ਲਈ ਭੁਗਤਾਨ ਨਹੀਂ ਕੀਤਾ ਜਾਵੇਗਾ। ਜੇ ਅਧਿਐਨ ਦੇ ਨਤੀਜਿਆਂ/ਡੇਟਾ ਦੀ ਵਪਾਰਕ ਲਾਭ ਲਈ ਦੁਰਵਰਤੋਂ ਕੀਤੀ ਜਾਂਦੀ ਹੈ, ਤਾਂ ਵੀ ਤੁਹਾਨੂੰ ਕੋਈ ਵਿੱਤੀ ਲਾਭ ਨਹੀਂ ਹੋਵੇਗਾ।

# ਕੀ ਮੈਨੂੰ ਕੁਝ ਖਾਸ ਕਰਨ ਜਾਂ ਕਿਸੇ ਚੀਜ਼ ਤੋਂ ਬਚਣ ਦੀ ਲੋੜ ਹੈ?

**ਜੇ ਤੁਹਾਨੂੰ ਐਸਪਰੀਨ ਜਾਂ ਕਲੋਪੀਡੋਗਰੇਲ ਲੈਣ ਲਈ ਕਿਹਾ ਗਿਆ ਹੈ:** ਤਾਂ ਤੁਹਾਨੂੰ ਇਸਨੂੰ ਘਰ ਵਿੱਚ ਸੁਰੱਖਿਅਤ ਢੰਗ ਨਾਲ ਸਟੋਰ ਕਰਨਾ ਚਾਹੀਦਾ ਹੈ ਅਤੇ ਨਾਲ ਰਹਿੰਦੇ ਕਿਸੇ ਵੀ ਵਿਅਕਤੀ ਨਾਲ ਇਸਨੂੰ ਸਾਂਝਾ ਨਹੀਂ ਕਰਨਾ ਚਾਹੀਦਾ।

**ਜੇ ਤੁਹਾਨੂੰ ਮਿਆਰੀ ਦੇਖਭਾਲ ਲਈ ਨਿਰਧਾਰਤ ਕੀਤਾ ਗਿਆ ਹੈ ਅਤੇ ਐਂਟੀਪਲੇਟਲੇਟ ਦਵਾਈਆਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ:** ਤਾਂ ਤੁਹਾਨੂੰ ਐਸਪਰੀਨ ਜਾਂ ਕਲੋਪੀਡੋਗਰੇਲ ਨਹੀਂ ਲੈਣੀ ਚਾਹੀਦੀ ਬਸ਼ਰਤੇ ਤੁਹਾਡੇ ਡਾਕਟਰ ਵੱਲੋਂ ਕਿਸੇ ਨਵੀਂ ਸਿਹਤ ਸਮੱਸਿਆ ਦੀ ਪੁਸ਼ਟੀ ਕੀਤੀ ਗਈ ਹੋਵੇ ਜਿਸ ਮੁਤਾਬਕ ਖ਼ੂਨ ਪਤਲਾ ਕਰਨ ਦੀ ਦਵਾਈ ਸ਼ੁਰੂ ਕਰਨੀ ਜਾਂ ਬੰਦ ਕਰਨੀ ਪੈ ਸਕਦੀ ਹੈ।

# ਹਿੱਸਾ ਲੈਣ ਦੇ ਸੰਭਾਵੀ ਲਾਭ ਕੀ ਹਨ?



ਇਸ ਅਧਿਐਨ ਵਿੱਚ ਹਿੱਸਾ ਲੈਣ ਨਾਲ ਤੁਹਾਨੂੰ ਕੋਈ ਸਿੱਧਾ ਲਾਭ ਨਹੀਂ ਮਿਲੇਗਾ।

ਇਸ ਅਧਿਐਨ ਦੇ ਨਤੀਜਿਆਂ ਨਾਲ, ਸਾਨੂੰ ਭਵਿੱਖ ਵਿੱਚ ਦੂਜਿਆਂ ਦਾ ਇਲਾਜ ਕਰਨ ਵਿੱਚ ਮਦਦ ਮਿਲੇਗੀ।

# ਹਿੱਸਾ ਲੈਣ ਦੇ ਸੰਭਾਵੀ ਨੁਕਸਾਨ ਕੀ ਹਨ?

## ਮਿਆਰੀ ਅਭਿਆਸ ਵਿੱਚ ਦਵਾਈਆਂ ਦੇ ਨੁਕਸਾਨ

- ਅਧਿਐਨ ਟੀਮ ਇਹ ਦੱਸੇਗੀ ਕਿ ASPIRING ਵਿੱਚ ਵਰਤੀਆਂ ਜਾਣ ਵਾਲੀਆਂ ਐਂਟੀਪਲੇਟਲੇਟ ਦਵਾਈਆਂ ਦੇ ਜੋਖਮ ਮਿਆਰੀ ਅਭਿਆਸ ਵਿੱਚ ਵਰਤੀਆਂ ਜਾਂਦੀਆਂ ਦਵਾਈਆਂ ਵਾਂਗ ਹੀ ਹਨ।
- ਐਸਪਰੀਨ ਦੇ ਆਮ ਮਾੜੇ ਅਸਰਾਂ ਵਿੱਚ ਖ਼ੂਨ ਵਹਿਣ ਵਿੱਚ ਵਾਧਾ ਅਤੇ ਬਦਹਜ਼ਮੀ ਸ਼ਾਮਲ ਹਨ।
- ਕਲੋਪੀਡੋਗਰੇਲ ਦੇ ਆਮ ਮਾੜੇ ਅਸਰਾਂ ਵਿੱਚ ਖ਼ੂਨ ਵਹਿਣ ਵਿੱਚ ਵਾਧਾ ਸ਼ਾਮਲ ਹੈ।

## ਅਧਿਐਨ ਦੇ ਨੁਕਸਾਨ

ਤੁਹਾਨੂੰ ਅਧਿਐਨ ਮੁਲਾਕਾਤਾਂ ਪੂਰਾ ਕਰਨਾ ਅਸੁਵਿਧਾਜਨਕ ਲੱਗ ਸਕਦਾ ਹੈ।

ਹਿੱਸਾ ਲੈਣ ਦਾ ਫੈਸਲਾ ਕਰਨ ਤੋਂ ਪਹਿਲਾਂ, ਤੁਹਾਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਕਿਤੇ ਇਸ ਨਾਲ ਤੁਹਾਡੇ ਵੱਲੋਂ ਲਏ ਗਏ ਕਿਸੇ ਵੀ ਬੀਮੇ 'ਤੇ ਕੋਈ ਅਸਰ ਤਾਂ ਨਹੀਂ ਪਵੇਗਾ ਅਤੇ ਲੋੜ ਪੈਣ 'ਤੇ ਤੁਹਾਨੂੰ ਸਲਾਹ ਲੈਣੀ

ਚਾਹੀਦੀ ਹੈ। ਕਲੀਨਿਕਲ ਖੋਜ ਵਿੱਚ ਹਿੱਸਾ ਲੈਣਾ ਤੁਹਾਨੂੰ ਮਿਲਣ ਵਾਲੇ ਬੀਮਾ ਕਵਰ ਨੂੰ ਪ੍ਰਭਾਵਿਤ ਕਰ ਸਕਦਾ ਹੈ (ਜਿਵੇਂ ਕਿ ਯਾਤਰਾ ਬੀਮਾ, ਜੀਵਨ ਬੀਮਾ, ਗੰਭੀਰ ਬਿਮਾਰੀ ਕਵਰ)। ਹਿੱਸਾ ਲੈਣ ਤੋਂ ਪਹਿਲਾਂ, ਲੋੜੀਂਦੀ ਸਲਾਹ ਲਓ।

## ਜੇ ਕੋਈ ਸਮੱਸਿਆ ਪੈਂਦਾ ਹੁੰਦੀ ਹੈ, ਤਾਂ ਕੀ ਹੋਵੇਗਾ?

- ਜੇ ਤੁਹਾਨੂੰ ਇਸ ਅਧਿਐਨ ਦੇ ਕਿਸੇ ਵੀ ਪਹਿਲੂ ਬਾਰੇ ਕੋਈ ਚਿੰਤਾ ਹੈ, ਤਾਂ ਕਿਰਪਾ ਕਰਕੇ ਇਸ ਦਸਤਾਵੇਜ਼ ਦੇ ਅਖੀਰ ਵਿੱਚ ਦਿੱਤੇ ਸੰਪਰਕ ਵੇਰਵੇ ਦੇਖੋ, ਤਾਂ ਜੋ ਤੁਹਾਡੇ ਸਵਾਲ ਦਾ ਜਵਾਬ ਦੇਣ ਲਈ ਸਭ ਤੋਂ ਢੁਕਵੇਂ ਵਿਅਕਤੀ ਦੀ ਪਛਾਣ ਕੀਤੀ ਜਾ ਸਕੇ।
- ਜੇ ਕਿਸੇ ਸਥਿਤੀ ਵਿੱਚ ਕੁਝ ਗਲਤ ਹੋ ਜਾਂਦਾ ਹੈ ਅਤੇ ਖੋਜ ਦੌਰਾਨ ਤੁਹਾਨੂੰ ਨੁਕਸਾਨ ਹੋ ਜਾਂਦਾ ਹੈ ਅਤੇ ਇਹ ਕਿਸੇ ਦੀ ਲਾਪਰਵਾਹੀ ਦੇ ਕਾਰਨ ਹੁੰਦਾ ਹੈ, ਤਾਂ ਤੁਸੀਂ ਦਸਤਾਵੇਜ਼ ਦੇ ਅਖੀਰ ਵਿੱਚ ਦਿੱਤੀਆਂ NHS ਸੰਸਥਾਵਾਂ ਦੇ ਖਿਲਾਫ ਮੁਆਵਜ਼ੇ ਲਈ ਕਾਨੂੰਨੀ ਕਾਰਵਾਈ ਕਰ ਸਕਦੇ ਹੋ, ਪਰ ਤੁਹਾਨੂੰ ਆਪਣੇ ਕਾਨੂੰਨੀ ਖਰਚੇ ਖੁਦ ਕਰਨੇ ਪੈ ਸਕਦੇ ਹਨ।
- ਆਮ NHS ਸ਼ਿਕਾਇਤ ਵਿਧੀ, ਅਜੇ ਵੀ ਤੁਹਾਡੇ ਲਈ ਉਪਲਬਧ ਹੋਵੇਗੀ (ਜੇ ਢੁੱਕਵਾਂ ਹੋਵੇ)।

## ਜੇ ਮੈਂ ਅਧਿਐਨ ਜਾਰੀ ਨਾ ਰੱਖਣਾ ਚਾਹਾਂ, ਤਾਂ ਕੀ ਹੋਵੇਗਾ?




ਜੇ ਤੁਸੀਂ ਬਾਹਰ ਹੋਣ ਦਾ ਫੈਸਲਾ ਕਰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਸਥਾਨਕ ਅਧਿਐਨ ਟੀਮ ਨਾਲ ਸੰਪਰਕ ਕਰੋ। ASPIRING ਤੁਹਾਡੇ ਬਾਹਰ ਹੋਣ ਤੋਂ ਪਹਿਲਾਂ ਤੁਹਾਡੇ ਬਾਰੇ ਇਕੱਠੀ ਕੀਤੀ ਜਾਣਕਾਰੀ ਨੂੰ ਆਪਣੇ ਕੋਲ ਰੱਖੇਗਾ।

## ਅਧਿਐਨ ਪੂਰਾ ਹੋ ਜਾਣ 'ਤੇ ਕੀ ਹੋਵੇਗਾ?




ਤੁਹਾਡੇ ਬਾਰੇ ਗੁਮਨਾਮ ਜਾਣਕਾਰੀ ਅਣਮਿੱਥੇ ਸਮੇਂ ਲਈ ਰੱਖੀ ਜਾਵੇਗੀ ਤਾਂ ਜੋ ਖੋਜਕਰਤਾ ਇਸਨੂੰ ਦੁਬਾਰਾ ਦੇਖ ਸਕਣ।

ਇਸ ਨਾਲ ਸਾਨੂੰ ਲੰਬੇ ਸਮੇਂ ਤੱਕ ਐਸਪਰੀਨ ਅਤੇ ਕਲੋਪੀਡੋਗਰੇਲ ਦੇ ਅਸਰਾਂ ਦਾ ਅਧਿਐਨ ਕਰਨ ਵਿੱਚ ਮਦਦ ਮਿਲੇਗੀ। ਇਹ ਸਾਨੂੰ ਹੋਰ ਸੰਬੰਧਿਤ ਖੋਜ ਸਵਾਲਾਂ ਨੂੰ ਹੱਲ ਕਰਨ ਵਿੱਚ ਵੀ ਮਦਦ ਕਰੇਗਾ ਜਿਨ੍ਹਾਂ ਬਾਰੇ ਅਸੀਂ ਹੁਣ ਨਹੀਂ ਸੋਚਿਆ ਹੋਵੇਗਾ, ਕਿਉਂਕਿ ਇਸ ਲਈ ਸਾਨੂੰ ਇਹ ਅਧਿਐਨ ਨੂੰ ਦੁਬਾਰਾ ਨਹੀਂ ਕਰਨਾ ਪਵੇਗਾ।

ਅਧਿਐਨ ਸਮਾਪਤੀ ਤੋਂ ਬਾਅਦ, ਐਸਪਰੀਨ/ਕਲੋਪੀਡੋਗਰੇਲ ਲੈਣਾ ਜਾਰੀ ਰੱਖਣਾ ਜਾਂ ਨਾ ਲੈਣਾ ਤੁਹਾਡਾ ਆਪਣਾ ਫੈਸਲਾ ਹੋਵੇਗਾ। ਤੁਹਾਨੂੰ ਇਸ ਬਾਰੇ ਆਪਣੇ GP ਨਾਲ ਚਰਚਾ ਕਰਨੀ ਚਾਹੀਦੀ ਹੈ ਕਿਉਂਕਿ ਤੁਹਾਡਾ ਫੈਸਲਾ ASPIRING ਦੇ ਨਤੀਜਿਆਂ ਤੋਂ ਪ੍ਰਭਾਵਿਤ ਹੋ ਸਕਦਾ ਹੈ।

## ਕੀ ਮੇਰੇ ਵਲੋਂ ਹਿੱਸਾ ਲੈਣ ਨੂੰ ਗੁਪਤ ਰੱਖਿਆ ਜਾਵੇਗਾ?

ਖੋਜ ਦੌਰਾਨ ਸਾਡੇ ਵੱਲੋਂ ਇਕੱਤਰ ਕੀਤੀ ਗਈ ਸਾਰੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ ਅਤੇ ਹਰ ਪੜਾਅ 'ਤੇ ਲਾਗੂ ਸਖਤ ਕਾਨੂੰਨ ਤੁਹਾਡੀ ਨਿੱਜਤਾ ਦੀ ਰਾਖੀ ਕਰਨਗੇ।

ਐਡਿਨਬਰਗ ਯੂਨੀਵਰਸਿਟੀ ਦੀ ਇੱਕ ਟੀਮ ASPIRING ਦਾ ਸੰਚਾਲਣ ਕਰਦੀ ਹੈ, ਇਹ ਤੁਹਾਡੀ ਜਾਣਕਾਰੀ ਦੀ ਸੁਰੱਖਿਆ ਦਾ ਧਿਆਨ ਰੱਖਦੀ ਹੈ। ਇਸ ਟੀਮ ਵੱਲੋਂ ਜਾਣਕਾਰੀ ਪ੍ਰੋਸੈੱਸ ਅਤੇ ਸੁਰੱਖਿਆ ਕੀਤੀ ਜਾਂਦੀ ਹੈ। ਇਸ ਟੀਮ ਵਿੱਚ ਮੈਡੀਕਲ, ਕੰਪਿਊਟਿੰਗ ਅਤੇ ਪ੍ਰਬੰਧਕੀ ਸਟਾਫ ਸ਼ਾਮਲ ਹੈ, ਜਿਨ੍ਹਾਂ ਸਾਰਿਆਂ ਦਾ ਤੁਹਾਡੇ ਪ੍ਰਤੀ ਗੁਪਤਤਾ ਦਾ ਫਰਜ਼ ਹੈ। ਤੁਹਾਡੇ ਬਾਰੇ ਪਛਾਣਯੋਗ ਜਾਣਕਾਰੀ ਸੁਰੱਖਿਅਤ NHS ਨੈੱਟਵਰਕਾਂ ਰਾਹੀਂ ਐਡਿਨਬਰਗ ਵਿੱਚ ASPIRING

[illegible] ਮੁਤਾਬਕ, ਤੁਹਾਡੀ ਸਿਹਤ ਜਾਣਕਾਰੀ ਤੋਂ ਅਲੱਗ ਅਧਿਐਨ ਡੇਟਾਬੇਸ ਦੇ ਇੱਕ ਵੱਖਰੇ ਹਿੱਸੇ ਵਿੱਚ ਰੱਖਿਆ ਜਾਵੇਗਾ।

ਤੁਹਾਡੀ ਜਾਣਕਾਰੀ (ਤੁਹਾਡਾ ਨਿੱਜੀ ਡੇਟਾ) ਸਰਵਰਾਂ 'ਤੇ ਇੱਕ ਅਧਿਐਨ ਡੇਟਾਬੇਸ ਵਿੱਚ ਸੁਰੱਖਿਅਤ ਰੂਪ ਵਿੱਚ ਸਟੋਰ ਕੀਤੀ ਜਾਵੇਗੀ, ਇਹ ਐਡਿਨਬਰਗ ਯੂਨੀਵਰਸਿਟੀ ਵੱਲੋਂ ਸੁਰੱਖਿਅਤ ਢੰਗ ਨਾਲ ਹੋਸਟ ਕੀਤੇ ਜਾਂਦੇ ਹਨ। ਤੁਹਾਡੇ ਮਨੋਨੀਤ ਨੁਮਾਇੰਦੇ ਲਈ ਸੰਪਰਕ ਜਾਣਕਾਰੀ ਤੁਹਾਡੀ ਕਲੀਨਿਕਲ ਦੇਖਭਾਲ ਟੀਮ ਵੱਲੋਂ ਤੁਹਾਡੇ NHS ਰਿਕਾਰਡਾਂ ਵਿੱਚ ਸਟੋਰ ਕੀਤੀ ਜਾਵੇਗੀ। ਅਧਿਐਨ ਡੇਟਾਬੇਸ ਸੰਬੰਧਿਤ ਨਿਯਮਾਂ ਅਤੇ ਸਪਾਂਸਰ ਸਟੈਂਡਰਡ ਆਪਰੇਟਿੰਗ ਪ੍ਰਕਿਰਿਆਵਾਂ ਦੀ ਪਾਲਣਾ ਅਧੀਨ ਹੋਵੇਗਾ। ਸਿਰਫ਼ ਅਧਿਐਨ ਟੀਮ ਦੇ ਸਿਖਲਾਈ ਪ੍ਰਾਪਤ ਅਤੇ ਪ੍ਰਵਾਨਿਤ ਮੈਂਬਰਾਂ ਨੂੰ ਅਧਿਐਨ ਡੇਟਾਬੇਸ ਤੱਕ ਪਾਸਵਰਡ-ਸੁਰੱਖਿਅਤ ਪਹੁੰਚ ਦਿੱਤੀ ਜਾਵੇਗੀ। ਅਸੀਂ NHS ਅਤੇ ਅਧਿਐਨ ਵਿੱਚ ਸ਼ਾਮਲ ਹੋਰ ਸੰਸਥਾਵਾਂ ਨਾਲ ਤੁਹਾਡੇ ਡੇਟਾ ਨੂੰ ਸਾਂਝਾ ਜਾਂ ਪ੍ਰੋਸੈਸ ਕਰਦੇ ਸਮੇਂ GDPR ਅਤੇ ਡੇਟਾ ਪ੍ਰੋਟੈਕਸ਼ਨ ਐਕਟ 2018 ਅਤੇ ਕੈਲਡਿਕੋਟ ਸਿਧਾਂਤਾਂ ਦੀ ਪਾਲਣਾ ਕਰਦੇ ਹਾਂ। ਐਡਿਨਬਰਗ ਯੂਨੀਵਰਸਿਟੀ/NHS ਲੋਥੀਅਨ, ਡੇਟਾ ਕੰਟਰੋਲਰ ਹੈ।

# ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਾਂਗੇ?

ਇਸ ਖੋਜ ਪ੍ਰੋਜੈਕਟ ਲਈ ਸਾਨੂੰ ਤੁਹਾਡੇ ਅਤੇ ਤੁਹਾਡੇ ਮੈਡੀਕਲ ਰਿਕਾਰਡਾਂ ਦੀ ਜਾਣਕਾਰੀ ਦੀ ਵਰਤੋਂ ਕਰਨ ਦੀ ਲੋੜ ਹੋਵੇਗੀ।

ਅਸੀਂ ਤੁਹਾਡਾ CHI ਨੰਬਰ ਜਾਂ NHS ਨੰਬਰ ਲਵਾਂਗੇ। ਕਿਰਪਾ ਕਰਕੇ ਧਿਆਨ ਦਿਓ ਕਿ CHI ਇੱਕ ਆਬਾਦੀ ਰਜਿਸਟਰ ਹੈ, ਜਿਸ ਦੀ ਵਰਤੋਂ ਸਕਾਟਲੈਂਡ ਵਿੱਚ ਸਿਹਤ ਸੰਭਾਲ ਉਦੇਸ਼ਾਂ ਲਈ ਕੀਤੀ ਜਾਂਦੀ ਹੈ। CHI ਨੰਬਰ, ਰਜਿਸਟਰ 'ਤੇ ਕਿਸੇ ਵਿਅਕਤੀ ਦੀ ਵਿਲੱਖਣ ਪਛਾਣ ਕਰਦਾ ਹੈ ਅਤੇ ਇੱਕ ਨਿੱਜੀ ਪਛਾਣਯੋਗ ਜਾਣਕਾਰੀ ਹੁੰਦਾ ਹੈ। ਤੁਹਾਡਾ CHI ਨੰਬਰ ਜਾਂ NHS ਨੰਬਰ ਲਿਆ ਜਾ ਰਿਹਾ ਹੈ, ਤਾਂ ਜੋ ਅਸੀਂ ਤੁਹਾਡੇ ਮੈਡੀਕਲ ਰਿਕਾਰਡਾਂ ਵਿੱਚ ਤੁਹਾਡੀ ਜਾਣਕਾਰੀ ਲੱਭ ਸਕੀਏ। ਇਕੱਠੀ ਕੀਤੀ ਜਾਣ ਵਾਲੀ ਹੋਰ ਨਿੱਜੀ ਪਛਾਣਯੋਗ ਜਾਣਕਾਰੀ ਵਿੱਚ ਇਹ ਸ਼ਾਮਲ ਹੋਣਗੇ:

- ਤੁਹਾਡਾ ਨਾਮ
- ਜਨਮ-ਮਿਤੀ
- ਪਤਾ, ਟੈਲੀਫੋਨ ਨੰਬਰ ਅਤੇ ਈਮੇਲ
- ਜਨਮ ਸਮੇਂ ਲਿੰਗ
- ਨਸਲ
- ਸੰਬੰਧਿਤ ਡਾਕਟਰੀ ਜਾਣਕਾਰੀ
- ਕੁਝ ਸਮਾਜਿਕ-ਆਰਥਿਕ ਜਾਣਕਾਰੀ
- ਉਨ੍ਹਾਂ ਨੁਮਾਇੰਦਿਆਂ ਲਈ ਸੰਪਰਕ ਜਾਣਕਾਰੀ ਜਿਨ੍ਹਾਂ ਦੇ ਮਨੋਨੀਤ ਹੋਣ ਲਈ ਤੁਸੀਂ ਸਮਝੌਤਾ ਪ੍ਰਾਪਤ ਕੀਤਾ ਹੈ

ਇਹ ਜਾਣਕਾਰੀ ਸੁਰੱਖਿਅਤ ਢੰਗ ਨਾਲ ਸਟੋਰ ਕੀਤੀ ਜਾਵੇਗੀ ਅਤੇ ਸਿਰਫ਼ ਉਹਨਾਂ ਵੱਲੋਂ ਹੀ ਪਹੁੰਚਯੋਗ ਹੋਵੇਗੀ ਜੋ ਖੋਜ ਕਰਨ ਲਈ ਅਧਿਕਾਰਤ ਹਨ ਜਾਂ ਤੁਹਾਡੇ ਰਿਕਾਰਡਾਂ ਦੀ ਜਾਂਚ ਕਰਦੇ ਉਹ ਵਿਅਕਤੀ ਜੋ ਖੋਜ ਸਹੀ ਢੰਗ ਨਾਲ ਹੋਣ ਨੂੰ ਯਕੀਨੀ ਬਣਾਉਂਦੇ ਹਨ।

ਜਿਨ੍ਹਾਂ ਲੋਕਾਂ ਨੂੰ ਇਹ ਜਾਣਨ ਦੀ ਲੋੜ ਨਹੀਂ ਹੈ ਕਿ ਤੁਸੀਂ ਕੌਣ ਹੋ, ਉਹ ਤੁਹਾਡਾ ਨਾਮ ਜਾਂ ਸੰਪਰਕ ਵੇਰਵੇ ਨਹੀਂ ਦੇਖ ਸਕਣਗੇ। ਤੁਹਾਡੇ ਡੇਟਾ ਨੂੰ ਇੱਕ ਕੋਡ ਨੰਬਰ ਦਿੱਤਾ ਜਾਵੇਗਾ।

ਅਸੀਂ ਤੁਹਾਡੇ ਸਿਹਤਯਾਬ ਹੋਣ ਬਾਰੇ ਜਾਣਕਾਰੀ ਹੋਰ ਸਰੋਤਾਂ ਤੋਂ ਹਾਸਲ ਕਰ ਸਕਦੇ ਹਾਂ, ਜਿਵੇਂ ਕਿ ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ (ONS) / ਨੈਸ਼ਨਲ ਰਿਕਾਰਡਸ ਆਫ਼ ਸਕਾਟਲੈਂਡ (NRS), NHS ਸੈਂਟਰਲ ਰਜਿਸਟਰ, ਅਤੇ NHS ਇੰਗਲੈਂਡ, ਪਬਲਿਕ ਹੈਲਥ ਸਕਾਟਲੈਂਡ, ਅਤੇ ਵੇਲਜ਼ ਵਿੱਚ SAIL ਡੇਟਾਬੈਂਕ ਜਿਹੀਆਂ ਹੋਰ ਰਜਿਸਟਰੀਆਂ ਅਸੀਂ ਤੁਹਾਡੇ GP ਨਾਲ ਤੁਹਾਡੀ ਸਿਹਤਯਾਬੀ ਬਾਰੇ ਗੱਲਬਾਤ ਦੌਰਾਨ ਤੁਹਾਡੀ ਪਛਾਣ ਜ਼ਾਹਰ ਕਰਾਂਗੇ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਸਹੀ ਵਿਅਕਤੀ ਬਾਰੇ ਗੱਲਬਾਤ ਕਰ ਰਹੇ ਹਾਂ ਜਾਂ ਨਹੀਂ। ASPIRING ਵਿੱਚ ਸ਼ਾਮਲ ਹਸਪਤਾਲਾਂ ਨੂੰ ਅਧਿਐਨ ਦੇ ਸਪਾਂਸਰ ਜਾਂ ਹੋਰ ਰੈਗੂਲੇਟਰੀ ਸੰਸਥਾਵਾਂ ਵੱਲੋਂ ਖੋਜ ਕੀਤੇ ਜਾਣ ਦੇ ਅਧਿਕਾਰਤ ਨਿਰੀਖਣਾਂ ਲਈ ਜਾਣਕਾਰੀ ਦੇਣ ਦੀ ਲੋੜ ਹੋ ਸਕਦੀ ਹੈ। ਡੇਟਾ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਸਾਰੀ ਪਛਾਣਯੋਗ ਜਾਣਕਾਰੀ ਹਟਾ ਦਿੱਤੀ ਜਾਵੇਗੀ। ਅਸੀਂ ਕਿਸੇ ਮੈਡੀਕਲ ਜਰਨਲ ਨੂੰ ਦਿੱਤੀ ਜਾਂਦੀ ਅਧਿਐਨ ਨਤੀਜਿਆਂ ਦੀ ਰਿਪੋਰਟ [illegible] ਜਾਂਚ ਕਰਨ [illegible] ਹੈ ਕਿ ਖੋਜ ਪੀਅਰ ਜਾਂਚ ਲਈ ਖੁੱਲ੍ਹੀ ਹੈ, ਚੰਗੀ ਗੁਣਵੱਤਾ ਵਾਲੇ ਖੋਜ ਡੇਟਾ ਦੀ ਵਰਤੋਂ ਨੂੰ ਅਨੁਕੂਲ ਬਣਾਉਂਦਾ ਹੈ, ਪਾਲਿਸੀ ਅਤੇ ਹੋਰ ਫੈਸਲੇ ਲੈਣ ਦਾ ਸਮਰਥਨ ਕਰਦਾ ਹੈ ਅਤੇ ਖੋਜਕਰਤਾਵਾਂ ਨੂੰ ਇਹ ਪਤਾ ਲਗਾਉਣ ਵਿੱਚ ਮਦਦ ਕਰਦਾ ਹੈ ਕਿ ਅਧਿਐਨ ਦੌਰਾਨ ਜਾਂ ਬਾਅਦ ਵਿੱਚ ਡੇਟਾ ਦੀ ਦੁਬਾਰਾ ਜਾਂਚ ਕਰਕੇ ਸਾਹਮਣੇ ਆਈਆਂ ਨਵੀਆਂ ਗੱਲਾਂ ਸੱਚ ਹੋ ਸਕਦੀਆਂ ਹਨ ਜਾਂ ਨਹੀਂ। ਤਾਂ ਜੋ ਤੁਹਾਡੇ ਡੇਟਾ ਨੂੰ ਜਨਤਕ ਹਿੱਤ ਵਿੱਚ ਹੋਰ ਖੋਜ ਲਈ ਅਨਾਮ ਤੌਰ 'ਤੇ ਵਰਤਿਆ ਜਾ ਸਕੇ, ਇੱਕ NHS ਸੰਸਥਾ ਤੁਹਾਡੇ ਪਛਾਣਯੋਗ ਵੇਰਵਿਆਂ ਨੂੰ ਇੱਕ ਵਿਲੱਖਣ ਅਨਾਮ ਕੋਡ ਦੇ ਦੇਵੇਗੀ। ਇਹ ਤੁਹਾਡੇ ਡੇਟਾ ਨੂੰ ਨਿਯਮਤ ਤੌਰ 'ਤੇ ਇਕੱਠੇ ਕੀਤੇ ਡੇਟਾ ਨਾਲ ਜੋੜੇਗਾ, ਜਿਸ ਵਿੱਚ ਤੁਹਾਡੇ ਸਿਹਤ ਰਿਕਾਰਡ ਵੀ ਸ਼ਾਮਲ ਹਨ। ਫਿਰ ਡੇਟਾ ਨੂੰ ਇੱਕ ਸੁਰੱਖਿਅਤ ਵਾਤਾਵਰਣ

## ਅੰਤਰਰਾਸ਼ਟਰੀ ਟ੍ਰਾਂਸਫਰ

[illegible] ASPIRING ਤੋਂ ਗੁਮਨਾਮ ਜਾਣਕਾਰੀ ਦੁਨੀਆ ਦੇ ਕਿਸੇ ਵੀ ਹੋਰ ਖੋਜਕਰਤਾਵਾਂ ਨਾਲ ਸਾਂਝੀ ਕਰ ਸਕਦੇ ਹਾਂ ਤਾਂ ਜੋ ਸੰਬੰਧਿਤ ਖੋਜ ਸਵਾਲਾਂ ਦੇ ਜਵਾਬ ਦੇਣ ਵਿੱਚ ਮਦਦ ਮਿਲ ਸਕੇ। ਜੇ ਅਜਿਹਾ ਹੁੰਦਾ ਹੈ, ਤਾਂ ਅਸੀਂ ਸਿਰਫ਼ ਲੋੜੀਂਦਾ ਡੇਟਾ ਹੀ ਸਾਂਝਾ ਕਰਾਂਗੇ। ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਜਿੱਥੇ ਸੰਭਵ ਹੋਵੇ ਸਾਂਝੇ ਕੀਤੇ ਗਏ ਡੇਟਾ ਤੋਂ ਤੁਹਾਡੀ ਪਛਾਣ ਨਾ ਕੀਤੀ ਜਾ ਸਕੇ। ਕੁਝ ਖਾਸ ਹਾਲਤਾਂ ਵਿੱਚ ਅਜਿਹਾ ਸੰਭਵ ਨਹੀਂ ਹੋ ਸਕਦਾ - ਉਦਾਹਰਨ ਲਈ, ਜੇ ਤੁਹਾਨੂੰ ਕੋਈ ਦੁਰਲੱਭ ਬਿਮਾਰੀ ਹੈ, ਤਾਂ ਵੀ ਤੁਹਾਡੀ ਪਛਾਣ ਕਰਨਾ ਸੰਭਵ ਹੋ

ਸਕਦਾ ਹੈ। ਜੇ ਤੁਹਾਡਾ ਡੇਟਾ UK ਤੋਂ ਬਾਹਰ ਸਾਂਝਾ ਕੀਤਾ ਜਾਂਦਾ ਹੈ, ਤਾਂ ਇਹ ਹਸਪਤਾਲਾਂ ਜਾਂ ਉੱਚ ਸਿੱਖਿਆ ਸੰਸਥਾਵਾਂ ਕੋਲ ਹੋ ਸਕਦਾ ਹੈ, ਜਿਨ੍ਹਾਂ ਨੇ ਡੇਟਾ ਸਾਂਝਾ ਕਰਨ ਦੇ ਇਕਰਾਰਨਾਮੇ 'ਤੇ ਦਸਤਖਤ ਕੀਤੇ ਹੋ ਸਕਦੇ ਹਨ।

ਅਸੀਂ ਤੁਹਾਡੇ ਡੇਟਾ ਦੀ ਸੁਰੱਖਿਆ ਯਕੀਨੀ ਬਣਾਵਾਂਗੇ। UK ਤੋਂ ਬਾਹਰ ਤੁਹਾਡੇ ਡੇਟਾ ਤੱਕ ਪਹੁੰਚ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਾਡੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਹੋਵੇਗੀ, ਤਾਂ ਜੋ ਤੁਹਾਡੇ ਡੇਟਾ ਦੀ UK ਦੇ ਕਾਨੂੰਨ ਵਾਂਗ ਸੁਰੱਖਿਆ ਯਕੀਨੀ ਹੋ ਸਕੇ। ਤੁਹਾਡਾ ਡੇਟਾ UK ਤੋਂ ਬਾਹਰ ਸੁਰੱਖਿਅਤ ਰੱਖਣਾ ਯਕੀਨੀ ਬਣਾਉਣ, ਇਹ ਕੰਮ ਕੀਤੇ ਜਾਣਗੇ:

- ਕੁਝ ਦੇਸ਼ ਜਿਨ੍ਹਾਂ ਨਾਲ ਤੁਹਾਡਾ ਡੇਟਾ ਸਾਂਝਾ ਕੀਤਾ ਜਾਵੇਗਾ, ਉਹਨਾਂ ਨੇ ਢੁੱਕਵੇਂ ਉਪਾਅ ਕੀਤੇ ਹਨ। ਇਸਦਾ ਮਤਲਬ ਹੈ ਕਿ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਦੇ ਕਾਨੂੰਨ UK ਵਿੱਚ ਡੇਟਾ ਸੁਰੱਖਿਆ ਕਾਨੂੰਨਾਂ ਬਰਾਬਰ ਸੁਰੱਖਿਆ ਦਿੰਦੇ ਹਨ।
- ਅਸੀਂ UK ਵਿੱਚ ਵਰਤੋਂ ਲਈ ਪ੍ਰਵਾਨਿਤ ਖਾਸ ਇਕਰਾਰਨਾਮਿਆਂ ਦੀ ਵਰਤੋਂ ਕਰਦੇ ਹਾਂ ਜੋ ਨਿੱਜੀ ਡੇਟਾ ਨੂੰ UK ਵਾਂਗ ਢੁੱਕਵੀਂ ਸੁਰੱਖਿਆ ਉਪਲਬਧ ਕਰਵਾਉਂਦੇ ਹਨ। ਵਧੇਰੇ ਜਾਣਕਾਰ ਲਈ ਜਾਣਕਾਰੀ ਕਮਿਸ਼ਨਰ ਦਫ਼ਤਰ (ICO) ਦੀ ਵੈੱਬਸਾਈਟ 'ਤੇ ਜਾਓ।
- ਅਸੀਂ UK ਤੋਂ ਬਾਹਰ ਤੁਹਾਡੇ ਡੇਟਾ ਤੱਕ ਪਹੁੰਚ ਕਰਨ ਵਾਲਿਆਂ ਨੂੰ ਇਸਦੀ ਵਰਤੋਂ ਸਾਡੇ ਲਿਖਤੀ ਇਕਰਾਰਨਾਮੇ ਤੋਂ ਇਲਾਵਾ ਕਿਸੇ ਹੋਰ ਚੀਜ਼ ਲਈ ਕਰਨ ਦੀ ਇਜਾਜ਼ਤ ਨਹੀਂ ਦਿੰਦੇ ਹਾਂ।
- ਅਸੀਂ ਚਾਹੁੰਦੇ ਹਾਂ ਕਿ ਹੋਰ ਸੰਸਥਾਵਾਂ ਤੁਹਾਡੇ ਡੇਟਾ ਦੀ ਸੁਰੱਖਿਆ ਲਈ ਢੁੱਕਵੇਂ ਸੁਰੱਖਿਆ ਉਪਾਅ ਅਪਨਾਉਣ, ਜੋ ਸਾਡੇ ਡੇਟਾ ਸੁਰੱਖਿਆ ਅਤੇ ਗੁਪਤਤਾ ਦੇ ਫਰਜ਼ਾਂ ਦੇ ਅਨੁਕੂਲ ਹੋਣ। ਇਸ ਵਿੱਚ ਤੁਹਾਡੇ ਡੇਟਾ ਦਾ ਕਿਸੇ ਕਾਰਨ ਕਰਕੇ ਨੁਕਸਾਨ ਹੋਣ ਅਤੇ ਅਣਅਧਿਕਾਰਤ ਪਹੁੰਚ, ਵਰਤੋਂ, ਤਬਦੀਲੀਆਂ ਜਾਂ ਸਾਂਝਾਕਰਨ ਤੋਂ ਬਚਾਉਣ ਲਈ ਢੁੱਕਵੇਂ ਉਪਾਅ ਸ਼ਾਮਲ ਹਨ।
- ਸਾਡੇ ਕੋਲ ਕਿਸੇ ਵੀ ਸ਼ੱਕੀ ਨਿੱਜੀ ਡੇਟਾ ਉਲੰਘਣਾ ਨਾਲ ਨਜਿੱਠਣ ਲਈ ਢੁੱਕਵੇਂ ਉਪਾਅ ਉਪਲਬਧ ਹਨ। ਅਸੀਂ ਤੁਹਾਡੇ ਨਿੱਜੀ ਡੇਟਾ ਦੀ ਉਲੰਘਣਾ ਹੋਣ 'ਤੇ ਤੁਹਾਨੂੰ ਅਤੇ ਲਾਗੂ ਰੈਗੂਲੇਟਰਾਂ ਨੂੰ ਸੂਚਿਤ ਕਰਾਂਗੇ, ਜਦੋਂ ਸਾਨੂੰ ਕਾਨੂੰਨੀ ਤੌਰ 'ਤੇ ਅਜਿਹਾ ਕਰਨ ਦੀ ਲੋੜ ਹੋਵੇਗੀ। UK ਉਲੰਘਣਾ ਰਿਪੋਰਟਿੰਗ ਨਿਯਮਾਂ ਬਾਰੇ ਹੋਰ ਜਾਣਕਾਰੀ ਲਈ ICO ਵੈੱਬਸਾਈਟ 'ਤੇ ਜਾਓ।

ਇੱਕ ਵਾਰ ਜਦੋਂ ਅਸੀਂ ਅਧਿਐਨ ਪੂਰਾ ਕਰ ਲੈਂਦੇ ਹਾਂ, ਤਾਂ ਅਸੀਂ ਕੁਝ ਡੇਟਾ ਆਪਣੇ ਕੋਲ ਰੱਖਾਂਗੇ ਤਾਂ ਜੋ ਅਸੀਂ ਨਤੀਜਿਆਂ ਦੀ ਜਾਂਚ ਕਰ ਸਕੀਏ। ਅਸੀਂ ਆਪਣੀਆਂ ਰਿਪੋਰਟਾਂ ਇਸ ਤਰੀਕੇ ਨਾਲ ਤਿਆਰ ਕਰਾਂਗੇ ਕਿ ਕੋਈ ਵੀ ਇਹ ਪਤਾ ਨਾ ਲਗਾ ਸਕੇ ਕਿ ਤੁਸੀਂ ਅਧਿਐਨ ਵਿੱਚ ਹਿੱਸਾ ਲਿਆ ਸੀ।

# ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਇਸ ਬਾਰੇ ਤੁਹਾਡੇ ਕੋਲ ਕੀ ਵਿਕਲਪ ਹਨ?

ਤੁਸੀਂ ਕਿਸੇ ਵੀ ਸਮੇਂ, ਬਿਨਾਂ ਕੋਈ ਕਾਰਨ ਦੱਸੇ ਅਧਿਐਨ ਵਿੱਚ ਹਿੱਸਾ ਲੈਣਾ ਬੰਦ ਕਰ ਸਕਦੇ ਹੋ, ਪਰ ਅਸੀਂ ਤੁਹਾਡੇ ਬਾਰੇ ਪਹਿਲਾਂ ਇਕੱਠੀ ਕੀਤੀ ਜਾਣਕਾਰੀ ਆਪਣੇ ਕੋਲ ਹੀ ਰੱਖਾਂਗੇ।

ਜੇ ਤੁਸੀਂ ਅਧਿਐਨ ਵਿੱਚ ਹਿੱਸਾ ਲੈਣਾ ਬੰਦ ਕਰਨ ਦਾ ਫੈਸਲਾ ਕਰਦੇ ਹੋ, ਤਾਂ ਅਸੀਂ ਕੇਂਦਰੀ NHS ਰਿਕਾਰਡਾਂ ਤੋਂ ਤੁਹਾਡੀ ਸਿਹਤ ਜਾਣਕਾਰੀ ਇਕੱਠੀ ਕਰਨਾ ਜਾਰੀ ਰੱਖਣਾ ਚਾਹਾਂਗੇ। ਜੇ ਤੁਸੀਂ ਨਹੀਂ ਚਾਹੁੰਦੇ ਕਿ ਅਜਿਹਾ ਹੋਵੇ, ਤਾਂ ਸਾਨੂੰ ਸੂਚਿਤ ਕਰੋ ਅਤੇ ਅਸੀਂ ਅਜਿਹਾ ਨਹੀਂ ਕਰਾਂਗੇ।

ਤੁਹਾਨੂੰ, ਅਧਿਐਨ ਦੇ ਉਦੇਸ਼ਾਂ ਲਈ ਤੁਹਾਡੇ ਬਾਰੇ ਸਾਡੇ ਕੋਲ ਰੱਖੇ ਗਏ ਡੇਟਾ ਨੂੰ ਹਟਾਉਣ, ਬਦਲਣ ਜਾਂ ਮਿਟਾਉਣ ਲਈ ਬੇਨਤੀ ਕਰਨ ਦਾ ਅਧਿਕਾਰ ਹੈ। ਜੇ ਇਸਦਾ ਮਤਲਬ ਹੈ ਕਿ ਅਸੀਂ ਖੋਜ ਕਰਨ ਲਈ ਤੁਹਾਡੇ ਡੇਟਾ ਦੀ ਵਰਤੋਂ ਨਹੀਂ ਕਰ ਸਕਦੇ ਤਾਂ ਅਸੀਂ ਹਮੇਸ਼ਾ ਅਜਿਹਾ ਨਹੀਂ ਕਰ ਸਕਦੇ। ਜੇ ਅਜਿਹਾ ਹੁੰਦਾ ਹੈ, ਤਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਅਸੀਂ ਅਜਿਹਾ ਕਿਉਂ ਨਹੀਂ ਕਰ ਸਕਦੇ।

ਜੇ ਤੁਸੀਂ ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਸਹਿਮਤ ਹੋ, ਤਾਂ ਤੁਹਾਡੇ ਕੋਲ ਖੋਜ ਟੀਮ (ਸਪਾਂਸਰ ਸੰਸਥਾ ਵਿੱਚ ਹੀ) ਨੂੰ ਤੁਹਾਡੇ ਸੰਪਰਕ ਵੇਰਵਿਆਂ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਅਤੇ ਹੋਰ ਨੈਤਿਕ ਤੌਰ 'ਤੇ ਪ੍ਰਵਾਨਿਤ ਖੋਜ ਅਧਿਐਨਾਂ ਬਾਰੇ ਸੰਪਰਕ ਕਰਨ ਲਈ ਸਹਿਮਤ ਹੋਣ ਦਾ ਵਿਕਲਪ ਵੀ ਹੋਵੇਗਾ। ਤੁਹਾਡੇ ਨਾਲ ਇਸ ਖੋਜ ਟੀਮ ਦੇ ਮੈਂਬਰ ਵੱਲੋਂ ਸੰਪਰਕ ਕੀਤਾ ਜਾਵੇਗਾ, ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਤੁਸੀਂ ਕਿਸੇ ਹੋਰ ਖੋਜ ਅਧਿਐਨ ਵਿੱਚ ਹਿੱਸਾ ਲੈਣ ਵਿੱਚ ਦਿਲਚਸਪੀ ਰੱਖਦੇ ਹੋ ਜਾਂ ਨਹੀਂ। ਫਿਰ ਐਡਿਨਬਰਗ ਯੂਨੀਵਰਸਿਟੀ ਅਤੇ/ਜਾਂ NHS ਲੋਥੀਅਨ ਦੇ ਅੰਦਰ ਕਿਸੇ ਹੋਰ ਖੋਜ ਟੀਮ ਨੂੰ ਤੁਹਾਡੇ ਸੰਪਰਕ ਵੇਰਵੇ ਦੇਣ ਲਈ ਤੁਹਾਡੀ ਜ਼ੁਬਾਨੀ ਸਹਿਮਤੀ ਮੰਗੀ ਜਾ ਸਕਦੀ ਹੈ। ਸੰਪਰਕ ਕਰਨ ਲਈ ਸਹਿਮਤ ਹੋਣ ਦਾ ਇਹ ਮਤਲਬ ਨਹੀਂ ਕਿ ਅਸੀਂ ਤੁਹਾਨੂੰ ਹੋਰ ਅਧਿਐਨਾਂ ਵਿੱਚ ਹਿੱਸਾ ਲੈਣ ਲਈ ਮਜਬੂਰ ਕਰ ਰਹੇ ਹਾਂ।

# ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਤੁਸੀਂ ਇਸ ਬਾਰੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦੇ ਹੋ?

ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ, ਤੁਸੀਂ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- www.hra.nhs.uk/patientdataandresearch 'ਤੇ ਉਪਲਬਧ ਪਰਚੇ ਵਿੱਚ
- ਅਧਿਐਨ ਟੀਮ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰਕੇ (ਇਸ ਸ਼ੀਟ ਦਾ ਆਖਰੀ ਪੰਨਾ ਵੇਖੋ)

- dpo@ed.ac.uk (ਐਡਿਨਬਰਗ ਯੂਨੀਵਰਸਿਟੀ ਡੇਟਾ ਪ੍ਰੋਟੈਕਸ਼ਨ ਅਫਸਰ) ਨੂੰ ਈਮੇਲ ਭੇਜ ਕੇ

## ਅਧਿਐਨ ਦੇ ਨਤੀਜਿਆਂ ਦਾ ਕੀ ਹੋਵੇਗਾ?

ਅਧਿਐਨ ਦੇ ਨਤੀਜੇ ਪੇਸ਼ੇਵਰ ਰਸਾਲਿਆਂ ਵਿੱਚ ਪ੍ਰਕਾਸ਼ਨ ਲਈ ਸਬਮਿਟ ਕੀਤੇ ਜਾਣਗੇ।

ਪਰੀਖਣ ਖਤਮ ਹੋਣ 'ਤੇ ਅਸੀਂ ਤੁਹਾਡੇ ਨਾਲ ਵਿਅਕਤੀਗਤ ਤੌਰ 'ਤੇ ਸੰਪਰਕ ਨਹੀਂ ਕਰਾਂਗੇ, ਪਰ ਅਸੀਂ ਅਧਿਐਨ ਦੀ ਪ੍ਰੋਗਰੈਸ ਬਾਰੇ ਜਾਣਕਾਰੀ ਪ੍ਰਕਾਸ਼ਿਤ ਕਰਾਂਗੇ ਅਤੇ ਆਮ ਲੋਕਾਂ ਲਈ ਅੰਤਿਮ ਨਤੀਜੇ ਸਾਡੀ ASPIRING ਵੈੱਬਸਾਈਟ: www.ASPIRING.ed.ac.uk 'ਤੇ ਢੁੱਕਵੇਂ ਫਾਰਮੈਟ ਵਿੱਚ ਉਪਲਬਧ ਕਰਵਾਵਾਂਗੇ। ਜਦੋਂ ਸਾਡੇ ਅਧਿਐਨ ਦੇ ਨਤੀਜੇ ਪ੍ਰਕਾਸ਼ਿਤ ਹੋਣਗੇ, ਤਾਂ ਅਸੀਂ ਤੁਹਾਡੀ ਨਿੱਜੀ ਤੌਰ 'ਤੇ ਪਛਾਣ ਕਰਦੀ ਕੋਈ ਵੀ ਵਿਅਕਤੀਗਤ ਜਾਣਕਾਰੀ ਸ਼ਾਮਲ ਨਹੀਂ ਕਰਾਂਗੇ।

## ਖੋਜ ਦਾ ਆਯੋਜਨ ਅਤੇ ਫੰਡਿੰਗ ਕੌਣ ਕਰ ਰਿਹਾ ਹੈ?

- ਐਡਿਨਬਰਗ ਯੂਨੀਵਰਸਿਟੀ ਅਤੇ NHS ਲੋਥੀਅਨ ਇਸ ਅਧਿਐਨ ਦੇ ਸਪਾਂਸਰ ਹਨ।
- ਬ੍ਰਿਟਿਸ਼ ਹਾਰਟ ਫਾਉਂਡੇਸ਼ਨ ਨੇ ਐਡਿਨਬਰਗ ਯੂਨੀਵਰਸਿਟੀ ਨੂੰ ਗ੍ਰਾਂਟ ਦੇ ਕੇ ASPIRING ਦੇ ਸੰਚਾਲਨ ਲਈ ਫੰਡ ਦਿੱਤੇ ਹਨ।
- ਪ੍ਰੋਫੈਸਰ ਰੁਸਤਮ ਸਲਮਾਨ ਇਸ ਅਧਿਐਨ ਦੇ ਇੰਚਾਰਜ ਮੁੱਖ ਜਾਂਚਕਰਤਾ ਹਨ।

## ਅਧਿਐਨ ਦੀ ਸਮੀਖਿਆ ਕਿਸ-ਕਿਸ ਨੇ ਕੀਤੀ ਹੈ?

ਤੁਹਾਡੇ ਹਿੱਤਾਂ ਦੀ ਰਾਖੀ ਲਈ, NHS ਵਿੱਚ ਸਾਰੀਆਂ ਖੋਜਾਂ ਨੂੰ ਲੋਕਾਂ ਦੇ ਇੱਕ ਸੁਤੰਤਰ ਸਮੂਹ ਵੱਲੋਂ ਦੇਖਿਆ ਜਾਂਦਾ ਹੈ, ਜਿਸਨੂੰ ਖੋਜ ਨੈਤਿਕਤਾ ਕਮੇਟੀ ਕਿਹਾ ਜਾਂਦਾ ਹੈ।

ਇਸ ਅਧਿਐਨ ਦੀ ਸਮੀਖਿਆ ਕੀਤੀ ਗਈ ਹੈ ਅਤੇ ਸਕਾਟਲੈਂਡ ਇੱਕ ਖੋਜ ਨੈਤਿਕਤਾ ਕਮੇਟੀ ਵੱਲੋਂ ਇੱਕ ਢੁੱਕਵੀਂ ਰਾਏ ਦਿੱਤੀ ਗਈ ਹੈ। ਸਾਰੇ ਭਾਗੀਦਾਰ ਐਡਿਨਬਰਗ ਯੂਨੀਵਰਸਿਟੀ ਦੀ ਬੀਮਾ ਪਾਲਿਸੀ ਹੇਠ ਕਵਰ ਕੀਤੇ ਗਏ ਹਨ, ਜਿਸਨੂੰ ਅਧਿਐਨ ਸ਼ੁਰੂ ਹੋਣ ਤੋਂ ਪਹਿਲਾਂ ਲਾਗੂ ਕਰਨ ਦੀ ਲੋੜ ਹੋਵੇਗੀ।

ਇਸ ਅਧਿਐਨ ਨੂੰ ਡਿਜ਼ਾਈਨ ਕਰਦੇ ਸਮੇਂ, ਅਸੀਂ ਅਧਿਐਨ ਵਿੱਚ ਕੀ ਸ਼ਾਮਲ ਹੈ ਇਸ ਬਾਰੇ ਮਰੀਜ਼ਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਿਆ ਹੈ। ਹੈਮਰੇਜ ਕਰਕੇ ਹੋਣ ਵਾਲੇ ਸਟ੍ਰੋਕ ਨੂੰ ਸਮਝਣ ਲਈ ਖੋਜ (RUSH) ਮਰੀਜ਼ ਹਵਾਲਾ ਸਮੂਹ ਅਤੇ ਹੋਰ ਮਰੀਜ਼ਾਂ ਨੇ, ਇਸ ਭਾਗੀਦਾਰ ਜਾਣਕਾਰੀ ਪਰਚੇ ਦੀ ਸਮੀਖਿਆ ਕੀਤੀ ਹੈ ਅਤੇ ਟਿੱਪਣੀ ਕੀਤੀ ਹੈ। ਤੁਸੀਂ RUSH ਮਰੀਜ਼ ਹਵਾਲਾ ਸਮੂਹ ਬਾਰੇ ਵਧੇਰੇ ਜਾਣਕਾਰੀ ਇੱਥੋਂ ਲੈ ਸਕਦੇ ਹੋ: www.RUSH.ed.ac.uk.

**ਇਸ ਪਰਚੇ ਨੂੰ ਪੜ੍ਹਨ ਲਈ ਸਮਾਂ ਕੱਢਣ ਅਤੇ ASPIRING ਵਿੱਚ ਹਿੱਸਾ ਲੈਣ ਬਾਰੇ ਸੋਚਣ ਲਈ ਤੁਹਾਡਾ ਧੰਨਵਾਦ**

## ਵਧੇਰੇ ਜਾਣਕਾਰੀ ਲੈਣ ਲਈ, ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ?

ਤੁਸੀਂ ਆਪਣੀ ਭਾਗੀਦਾਰੀ ਬਾਰੇ ਆਪਣੀ **ਸਥਾਨਕ ਅਧਿਐਨ ਟੀਮ** ਨਾਲ ਸੰਪਰਕ ਕਰ ਸਕਦੇ ਹੋ:

ਨਾਮ ਲਿੱਖੋ, ਅਹੁਦਾ ਲਿੱਖੋ

ਪਤਾ ਲਿੱਖੋ

ਪਤਾ

**ਟੈਲੀਫੋਨ:** ਲਿੱਖੋ

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ ASPIRING ਅਧਿਐਨ ਟੀਮ ਨਾਲ ਸੰਪਰਕ ਕਰ ਸਕਦੇ ਹੋ:

**ਵੈੱਬਸਾਈਟ:** www.ASPIRING.ed.ac.uk

**ਈਮੇਲ:** Loth.ASPIRING@nhs.scot

**ਟੈਲੀਫੋਨ:** 0131 537 2944

ਤੁਸੀਂ ਇਹਨਾਂ ਨਾਲ ਸੰਪਰਕ ਕਰਕੇ ਇਸ ਅਧਿਐਨ ਬਾਰੇ **ਸੁਤੰਤਰ ਸਲਾਹ** ਲੈ ਕਰ ਸਕਦੇ ਹੋ:

**ਨਾਮ:** ਡਾ. ਸਾਰਾਹ ਕੀਰ

**ਅਹੁਦਾ:** ਬਜ਼ੁਰਗਾਂ ਲਈ ਦਵਾਈ ਵਿੱਚ ਸਲਾਹਕਾਰ ਡਾਕਟਰ

**ਪਤਾ:** ਵੈਸਟਰਨ ਜਨਰਲ ਹਸਪਤਾਲ, ਐਡਿਨਬਰਗ। EH4 2XU

**ਟੈਲੀਫੋਨ:** 0131 465 9102

ਤੁਹਾਡੇ **NHS ਖੇਤਰ ਵਿੱਚ ਸ਼ਿਕਾਇਤਾਂ** ਲਈ ਸੰਪਰਕ:

ਟੈਕਸਟ ਲਿੱਖੋ (ਪਤਾ)

ਟੈਕਸਟ ਲਿੱਖੋ (ਪਤਾ)

ਟੈਕਸਟ ਲਿੱਖੋ (ਈਮੇਲ ਅਤੇ ਟੈਲੀਫੋਨ ਨੰਬਰ)

**ਰਸਮੀ ਸ਼ਿਕਾਇਤਾਂ** ਲਈ ਸੰਪਰਕ:

**ਨਾਮ:** NHS ਲੋਥੀਅਨ ਮਰੀਜ਼ ਅਨੁਭਵ ਟੀਮ

**ਪਤਾ:** ਮੇਨਪੁਆਇੰਟ, 102 ਵੈਸਟਪੋਰਟ, ਐਡਿਨਬਰਗ, EH3 9DN

**ਟੈਲੀਫੋਨ:** 0131 536 3370 (ਸੋਮ-ਸ਼ੁੱਕਰ, ਸਵੇਰੇ 9 ਵਜੇ ਤੋਂ ਦੁਪਹਿਰ 2 ਵੱਜੇ ਖੁੱਲ੍ਹਾ ਰਹਿੰਦਾ ਹੈ)

**ਈਮੇਲ:** Loth.Feedback@nhs.scot